Excellence in Agri Info
KHETI DUNIYAN, PATIALA
ਭਾਰਤ ਦਾ ਇੱਕੋ-ਇੱਕ ਹਫ਼ਤਾਵਾਰੀ ਪੰਜਾਬੀ ਖੇਤੀਬਾੜੀ ਅਖ਼ਬਾਰ
ਖੇਤੀ ਦੁਨੀਆਂ
Rs.10/-
www.khetiduniyan.in
Postage Regd. No. PB/PTA/0338/2025-2027
Editor : Jagpreet Singh • RNI 42269/83 (PUNPUN00806) • Issue Dated 04-04-2026 • Vol.44 No.14 • M. 90410-14575 • Page 16 E-mail : khetiduniyan1983@gmail.com

ਬੇਮੌਸਮੇ ਮੀਂਹ ਤੇ ਗੜੇਮਾਰੀ ਨਾਲ ਖੇਤਾਂ ਵਿੱਚ ਵਿਛੀ ਕਣਕ ਦੀ ਫ਼ਸਲ, ਕਿਸਾਨਾਂ ਦੀ ਵਧੀ ਚਿੰਤਾ

ਮਾਰਚ ਦੇ ਅੱਧ ਤੋਂ ਪੱਛਮੀ ਗੜਬੜੀ ਕਾਰਨ ਸ਼ੁਰੂ ਹੋਇਆ ਮੌਸਮ ਦਾ ਉਤਰਾਅ-ਚੜ੍ਹਾਅ ਅਪ੍ਰੈਲ ਦੀ ਸ਼ੁਰੂਆਤ ਵਿੱਚ ਵੀ ਜਾਰੀ ਹੈ। ਸ਼ੁੱਕਰਵਾਰ ਨੂੰ ਪੰਜਾਬ ਦੇ ਰੂਪਨਗਰ, ਬਠਿੰਡਾ, ਫਾਜ਼ਿਲਕਾ, ਫਿਰੋਜ਼ਪੁਰ, ਗੁਰਦਾਸਪੁਰ, ਫ਼ਰੀਦਕੋਟ, ਮੁਕਤਸਰ, ਅੰਮ੍ਰਿਤਸਰ ਤੇ ਪਠਾਨਕੋਟ ਵਿੱਚ ਹਨੇਰੀ ਨਾਲ ਬਾਰਿਸ਼ ਹੋਈ। ਉੱਥੇ ਹੀ ਅੰਮ੍ਰਿਤਸਰ ਵਿੱਚ ਜ਼ਬਰਦਸਤ ਗੜੇਮਾਰੀ ਦੇਖਣ ਨੂੰ ਮਿਲੀ। ਹਨੇਰੀ ਕਾਰਨ ਕਣਕ ਦੀ ਫ਼ਸਲ ਖੇਤਾਂ ਵਿੱਚ ਵਿਛ ਗਈ, ਜਿਸ ਨਾਲ ਕਿਸਾਨਾਂ ਦੀ ਚਿੰਤਾ ਵੱਧ ਗਈ ਹੈ। ਬਾਰਿਸ਼ ਕਾਰਨ ਕਣਕ ਦੀ ਫ਼ਸਲ ਨੂੰ ਨੁਕਸਾਨ ਹੋ ਸਕਦਾ ਹੈ ਕਿਉਂਕਿ ਫ਼ਸਲ ਪੱਕ ਕੇ ਕਰੀਬ-ਕਰੀਬ ਤਿਆਰ ਹੈ। ਇੱਕ ਅਪ੍ਰੈਲ ਤੋਂ ਪੰਜਾਬ ਵਿੱਚ ਕਣਕ ਦੀ ਖ਼ਰੀਦ ਸ਼ੁਰੂ ਹੋ ਚੁੱਕੀ ਹੈ ਪਰ ਮੌਸਮ ਖ਼ਰਾਬ ਹੋਣ ਕਾਰਨ ਅਜੇ ਤੱਕ ਮੰਡੀਆਂ ਵਿੱਚ ਕਣਕ ਨਹੀਂ ਪੁੱਜੀ। ਇਸੇ ਵਿਚਾਲੇ ਮੌਸਮ ਵਿਭਾਗ ਦਾ ਕਹਿਣਾ ਹੈ ਕਿ ਅਜੇ ਰਾਹਤ ਦੀ ਉਮੀਦ ਨਹੀਂ। ਭਾਰਤੀ ਮੌਸਮ ਵਿਭਾਗ ਨੇ ਕਿਹਾ ਹੈ ਕਿ ਇਸ ਹਫ਼ਤੇ ਦੇ ਮਜ਼ਬੂਤ ਪੱਛਮੀ ਗੜਬੜੀਆਂ ਕਾਰਨ ਦੇਸ਼ ਦੇ ਲਗਪਗ ਅੱਧੇ ਹਿੱਸੇ ਵਿੱਚ ਬਾਰਿਸ਼, ਹਨੇਰੀ ਤੇ ਗੜੇਮਾਰੀ ਦਾ ਸਿਲਸਿਲਾ ਜਾਰੀ ਰਹੇਗਾ।



ਅੰਮ੍ਰਿਤਸਰ ਵਿੱਚ ਸ਼ੁੱਕਰਵਾਰ ਨੂੰ ਗੜ੍ਹੇਮਾਰੀ, ਤੇਜ਼ ਹਵਾਵਾਂ ਅਤੇ ਬਾਰਿਸ਼ ਤੋਂ ਬਾਅਦ ਵਿਛੀ ਕਣਕ ਦੀ ਫ਼ਸਲ ਨੂੰ ਵੇਖਦਾ ਹੋਇਆ ਕਿਸਾਨ।

ਪੂਰਾ ਅਪ੍ਰੈਲ ਮਹੀਨਾ ਰੁਕ-ਰੁਕ ਕੇ ਹੁੰਦੀ ਰਹੇਗੀ ਬਾਰਿਸ਼

ਭਾਰਤੀ ਮੌਸਮ ਵਿਭਾਗ ਨੇ ਸਾਰਾ ਅਪ੍ਰੈਲ ਮਹੀਨਾ ਪੱਛਮੀ ਗੜਬੜੀ ਦੇ ਸਰਗਰਮ ਰਹਿਣ ਦੇ ਸੰਕੇਤ ਦਿੱਤੇ ਹਨ। ਪਹਿਲੀ ਪੱਛਮੀ ਗੜਬੜੀ ਹਾਲੇ ਸਰਗਰਮ ਹੈ, ਜਿਸਦਾ ਅਸਰ ਜੰਮੂ ਕਸ਼ਮੀਰ, ਹਿਮਾਚਲ ਤੇ ਉੱਤਰਾਖੰਡ ਦੇ ਨਾਲ ਪੰਜਾਬ, ਹਰਿਆਣਾ, ਦਿੱਲੀ ਤੇ ਰਾਜਸਥਾਨ ਤੱਕ ਦੇਖਿਆ ਜਾ ਰਿਹਾ ਹੈ। ਪੱਛਮੀ ਗੜਬੜੀਆਂ ਦੀ ਇਹ ਸਰਗਰਮੀ ਹਿਮਾਲਿਆਈ ਖੇਤਰ ਵਿੱਚੋਂ ਲਗਾਤਾਰ ਨਮੀ ਲਿਆ ਰਹੀ ਹੈ। ਇਹੀ ਕਾਰਨ ਹੈ ਕਿ ਉੱਤਰ ਭਾਰਤ ਦੇ ਮੈਦਾਨੀ ਇਲਾਕਿਆਂ ਵਿੱਚ ਵਾਰ-ਵਾਰ ਮੌਸਮ ਬਦਲ ਰਿਹਾ ਹੈ। ਪਾਕਿਸਤਾਨ ਤੇ ਆਸਪਾਸ ਦੇ ਇਲਾਕਿਆਂ ਵਿੱਚ ਵੀ ਇਸੇ ਪ੍ਰਣਾਲੀ ਕਾਰਨ ਭਾਰੀ ਬਾਰਿਸ਼ ਦਰਜ ਕੀਤੀ ਗਈ ਹੈ, ਜਿਸ ਤੋਂ ਸੰਕੇਤ ਮਿਲਦਾ ਹੈ ਕਿ ਇਹ ਸਿਸਟਮ ਹਾਲੇ ਹੋਰ ਸਰਗਰਮ ਰਹਿ ਸਕਦਾ ਹੈ।

ਪੱਛਮੀ ਗੜਬੜੀ ਸੱਤ-ਅੱਠ ਅਪ੍ਰੈਲ ਦੇ ਆਸਪਾਸ ਸਰਗਰਮ ਹੋਵੇਗੀ। ਇਸਦੇ ਅਸਰ ਨਾਲ ਉੱਤਰ-ਪੱਛਮੀ ਭਾਰਤ ਵਿੱਚ ਮੁੜ ਮੌਸਮ ਬਦਲੇਗਾ। ਪੰਜਾਬ, ਹਰਿਆਣਾ ਤੇ ਦਿੱਲੀ ਵਿੱਚ ਹਨੇਰੀ ਦੇ ਨਾਲ ਬਾਰਿਸ਼ ਦੀ ਸੰਭਾਵਨਾ ਜ਼ਿਆਦਾ ਹੈ। ਰਾਜਸਥਾਨ ਦੇ ਕਈ ਹਿੱਸਿਆਂ ਵਿੱਚ ਵੀ ਤੇਜ਼ ਹਵਾਵਾਂ ਦੇ ਨਾਲ ਬਾਰਿਸ਼ ਹੋ ਸਕਦੀ ਹੈ। ਇਸ ਦੌਰਾਨ ਤਾਪਮਾਨ ਸਾਧਾਰਨ ਤੋਂ ਹੇਠਾਂ ਜਾਂ ਉਸਦੇ ਆਸਪਾਸ ਰਹਿਣ ਦੀ ਸੰਭਾਵਨਾ ਹੈ। ਗਰਮੀ ਦੀ ਤੀਬਰਤਾ ਫਿਲਹਾਲ ਰੁਕੀ ਰਹੇਗੀ। ਮੱਧ ਪ੍ਰਦੇਸ਼ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਹਨੇਰੀ ਦੇ ਨਾਲ ਬਾਰਿਸ਼ ਦੀ ਸੰਭਾਵਨਾ ਹੈ। ਮਹਾਰਾਸ਼ਟਰ ਦੇ ਵਿਦਰਭ ਤੋਂ ਲੈ ਕੇ ਕੋਂਕਣ ਖੇਤਰ ਤੱਕ ਗਰਜ-ਚਮਕ ਦੇ ਨਾਲ ਬਾਰਿਸ਼ ਦਾ ਦੌਰ ਜਾਰੀ ਰਹਿ ਸਕਦਾ ਹੈ।

ਵੈਟਨਰੀ ਯੂਨੀਵਰਸਿਟੀ ਮਾਹਿਰ ਨੇ ਭਾਰਤੀ ਫੌਜ ਦੇ ਸੈਂਟਰ ਵਿਖੇ ਕੁੱਤਿਆਂ ਲਈ ਉੱਨਤ ਡਾਇਲਿਸਸ ਸਹੂਲਤ ਦਾ ਕੀਤਾ ਸੰਚਾਲਨ

ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ ਯੂਨੀਵਰਸਿਟੀ, ਲੁਧਿਆਣਾ ਦੇ ਡਾ. ਰਣਧੀਰ ਸਿੰਘ ਨੇ ਇੱਕ ਵਿਸੇਸ ਸਿਖਲਾਈ ਅਤੇ ਪ੍ਰਦਰਸਨ ਪ੍ਰੋਗਰਾਮ ਦੌਰਾਨ, ਮੇਰਠ ਛਾਉਣੀ ਦੇ ਭਾਰਤੀ ਫੌਜ ਦੇ ਵੱਕਾਰੀ ਰਿਮਾਉਂਟ ਵੈਟਨਰੀ ਕੋਰ ਸੈਂਟਰ ਅਤੇ ਕਾਲਜ ਵਿਖੇ ਅਜਿਹੀ ਡਾਇਲਸਿਸ ਸਹੂਲਤ ਨੂੰ ਸੰਚਾਲਿਤ ਕੀਤਾ। ਭਾਰਤ ਵਿੱਚ ਵੈਟਨਰੀ ਹੀਮੋ-ਡਾਇਲਿਸਿਸ ਨੂੰ ਮਜਬੂਤ ਕਰਨ ਲਈ ਭਾਰਤੀ ਖੇਤੀਬਾੜੀ ਖੋਜ ਪਰਿਸ਼ਦ ਤੋਂ ਇੱਕ ਵੱਕਾਰੀ ਪ੍ਰੋਜੈਕਟ ਪ੍ਰਾਪਤ ਕੀਤਾ, ਅਤੇ ਹਾਲ ਹੀ ਵਿੱਚ ਪਸੂਆਂ ਦੇ ਵਿਦੇਸੀ ਡਾਕਟਰਾਂ ਲਈ ਆਪਣੀ ਕਿਸਮ ਦੀ ਪਹਿਲੀ ਅੰਤਰਰਾਸਟਰੀ ਡਾਇਲਸਿਸ ਸਿਖਲਾਈ ਦਾ ਆਯੋਜਨ ਕੀਤਾ, ਜੋ ਭਾਰਤ ਤੋਂ ਮੁਹਾਰਤ ਦੇ ਪ੍ਰਵਾਹ ਨੂੰ ਪ੍ਰਦਰਸ਼ਿਤ ਕਰਦਾ ਹੈ।



ਇੱਕ ਅਤਿ-ਆਧੁਨਿਕ ਹੀਮੋ-ਡਾਇਲਿਸਸ ਸਹੂਲਤ ਨੂੰ ਸਫਲਤਾਪੂਰਵਕ ਕਾਰਜਸ਼ੀਲ ਕਰਵਾਇਆ।

ਡਾ. ਸਿੰਘ ਨੂੰ ਵਿਸਾ ਮਾਹਿਰ ਵਜੋਂ ਸੱਦਾ ਦਿੱਤਾ ਗਿਆ ਸੀ। ਉਨ੍ਹਾਂ ਨੇ ਭਾਰਤੀ ਫੌਜ ਦੇ ਵੈਟਨਰੀ ਅਫਸਰਾਂ ਲਈ ਕੁੱਤਿਆਂ ਦੇ ਗੁਰਦੇ ਫੇਲ ਹੋਣ ਦੇ ਪ੍ਰਬੰਧਨ ਅਤੇ ਕੁੱਤਿਆਂ ਵਿੱਚ ਉੱਨਤ ਹੀਮੋ-ਡਾਇਲਿਸਸ ਤਕਨੀਕਾਂ 'ਤੇ ਮਾਹਰ ਭਾਸ਼ਣ, ਜੀਵੰਤ ਪ੍ਰਦਰਸਨ ਅਤੇ ਹੱਥੀਂ ਸਿਖਲਾਈ ਦਿੱਤੀ।

ਡਾ. ਰਣਧੀਰ ਸਿੰਘ ਇਸ ਖੇਤਰ ਵਿੱਚ ਮੋਹਰੀ ਰਹੇ ਹਨ, ਉਨ੍ਹਾਂ ਨੇ ਪਹਿਲਾਂ ਪਾਲਮਪੁਰ ਦੇ ਵੈਟਨਰੀ ਕਾਲਜ ਵਿਖੇ ਭਾਰਤ ਦੀ ਪਹਿਲੀ ਵੈਟਨਰੀ ਹੀਮੋ-ਡਾਇਲਿਸਸ ਸਹੂਲਤ ਦੀ ਸਥਾਪਨਾ ਕੀਤੀ ਸੀ, ਜਿਸ ਨੂੰ ਬਾਅਦ ਵਿੱਚ ਉਨ੍ਹਾਂ ਨੇ ਲੁਧਿਆਣਾ ਵਿੱਚ ਵੀ ਸਥਾਪਿਤ ਕੀਤਾ। ਉਨ੍ਹਾਂ ਦੀ ਅਗਵਾਈ ਹੇਠ ਵੈਟਨਰੀ ਹੀਮੋ-ਡਾਇਲਿਸਸ ਨੂੰ ਵੈਟਨਰੀ ਇਲਾਜ ਦੇ ਮੁੱਖ ਪ੍ਰਕਿਰਿਆਵਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ, ਜਿਸ ਲਈ ਬਹੁਤ ਹੀ ਵਿਸੇਸ ਬੁਨਿਆਦੀ ਢਾਂਚੇ ਅਤੇ ਮੁਹਾਰਤ ਦੀ ਲੋੜ ਹੁੰਦੀ ਹੈ। ਵਿਸਵ ਪੱਧਰ 'ਤੇ, ਅਜਿਹੀਆਂ ਸਹੂਲਤਾਂ ਸਿਰਫ 7-8 ਵੈਟਨਰੀ ਸੰਸਥਾਵਾਂ ਵਿੱਚ ਮੌਜੂਦ ਹਨ, ਜਿਸ ਨਾਲ ਇਹ ਕਾਰਜਸੀਲਤਾ ਭਾਰਤ ਦੀਆਂ ਉੱਨਤ ਵੈਟਨਰੀ ਦੇਖਭਾਲ ਸਮਰੱਥਾਵਾਂ, ਖਾਸ ਕਰਕੇ ਹਥਿਆਰਬੰਦ ਸੈਨਾਵਾਂ ਦੇ ਸੇਵਾ ਜਾਨਵਰਾਂ ਲਈ ਇੱਕ ਸਾਨਦਾਰ ਪ੍ਰਾਪਤੀ ਹੈ।

ਡਾ. ਸਵਰਨ ਸਿੰਘ ਰੰਧਾਵਾ, ਡੀਨ, ਕਾਲਜ ਆਫ ਵੈਟਨਰੀ ਸਾਇੰਸ, ਨੇ ਕਿਹਾ ਕਿ ਅਜਿਹੀਆਂ ਪਹਿਲਕਦਮੀਆਂ ਅਕਾਦਮਿਕ ਉੱਤਮਤਾ ਨੂੰ ਵੈਟਨਰੀ ਸਿਹਤ ਸੰਭਾਲ, ਸਿਖਲਾਈ ਅਤੇ ਸੰਸਥਾਗਤ ਸਹਿਯੋਗ ਦੇ ਪ੍ਰਭਾਵ ਨੂੰ ਦਰਸਾਉਂਦੀਆਂ ਹਨ।



ਕਦੋਂ ਕਿਸਾਨ ਫ਼ਖ਼ਰ ਨਾਲ ਕਹੇਗਾ

ਮੇਰੀ ਔਲਾਦ ਵੀ ਕਿਸਾਨ ਬਣੇ

ਇੱਕ ਡਾਕਟਰ, ਇੰਜੀਨੀਅਰ, ਵਕੀਲ, ਅਫ਼ਸਰ ਜਾਂ ਕਾਰੋਬਾਰੀ ਅਕਸਰ ਇਹੀ ਚਾਹੁੰਦੇ ਹਨ ਕਿ ਉਨ੍ਹਾਂ ਦੀ ਅਗਲੀ ਪੀੜ੍ਹੀ ਉਨ੍ਹਾਂ ਦੇ ਹੀ ਪੇਸ਼ੇ ਨੂੰ ਅੱਗੇ ਵਧਾਏ ਪਰ ਇਸ ਮਾਮਲੇ ਵਿੱਚ ਕਿਸਾਨ ਇੱਕ ਅਪਵਾਦ ਹੈ । ਬਹੁਤ ਘੱਟ ਕਿਸਾਨ ਚਾਹੁੰਦੇ ਹਨ ਕਿ ਉਨ੍ਹਾਂ ਦੀ ਔਲਾਦ ਵੀ ਖੇਤੀ ਕਰੇ ।

ਦੇਸ਼ ਵਿੱਚ ਖੇਤੀ-ਕਿਸਾਨੀ ਦੇ ਸਾਹਮਣੇ ਸਭ ਤੋਂ ਵੱਡਾ ਮੌਨ ਸੰਕਟ ਇਹੀ ਹੈ ਕਿ ਕਿਸਾਨਾਂ ਦੀ ਨਵੀਂ ਪੀੜ੍ਹੀ ਦੀਆਂ ਪਿੰਡ, ਖੇਤ-ਖਲਿਆਣ ਨਾਲ ਜੁੜੀਆਂ ਜੜ੍ਹਾਂ ਲਗਾਤਾਰ ਕਮਜ਼ੋਰ ਹੋ ਰਹੀਆਂ ਹਨ । ਸਖ਼ਤ ਮਿਹਨਤ ਦੇ ਬਾਵਜੂਦ ਖੇਤੀ ਉਨ੍ਹਾਂ ਲਈ ਘਾਟੇ ਦਾ ਸੌਦਾ ਹੈ । ਅਜਿਹੇ ਵਿੱਚ ਸ਼ਹਿਰਾਂ ਜਾਂ ਵਿਦੇਸ਼ਾਂ ਵਿੱਚ ਨੌਕਰੀ ਲਈ ਜਾਣਾ ਉਨ੍ਹਾਂ ਨੂੰ ਜ਼ਿਆਦਾ ਸਹੀ ਲੱਗਦਾ ਹੈ । ਨਤੀਜਾ ਇਹ ਹੈ ਕਿ ਪਿੰਡਾਂ ਵਿੱਚ ਜ਼ਿਆਦਾਤਰ ਬਜ਼ੁਰਗ ਕਿਸਾਨ ਬਚੇ ਹਨ, ਜੋ ਆਪਣੀਆਂ ਜੜ੍ਹਾਂ (ਖੇਤਾਂ) ਨਾਲ ਜੁੜੇ ਰਹਿਣਾ ਚਾਹੁੰਦੇ ਹਨ ।



ਇਨ੍ਹਾਂ ਦੀ ਬਦੌਲਤ ਹੀ ਖੇਤੀ ਅੱਜ ਵੀ ਭਾਰਤ ਦੀ ਅਰਥਵਿਵਸਥਾ ਅਤੇ ਸਮਾਜਿਕ ਸੰਤੁਲਨ ਦੀ ਰੀੜ੍ਹ ਹੈ । ਦੇਸ਼ ਦੀ ਕਰੀਬ 46 ਫ਼ੀਸਦੀ ਆਬਾਦੀ ਅੱਜ ਵੀ ਖੇਤੀ 'ਤੇ ਨਿਰਭਰ ਹੈ, ਜਦਕਿ ਦੇਸ਼ ਦੀ ਜੀ. ਡੀ. ਪੀ. ਵਿੱਚ 16 ਫ਼ੀਸਦੀ ਯੋਗਦਾਨ ਖੇਤੀ ਦਾ ਹੈ । ਇਹ ਫਰਕ ਸਾਫ਼ ਦੱਸਦਾ ਹੈ ਕਿ ਖੇਤੀ ਦਾ ਦਾਇਰਾ ਵੱਡਾ ਹੈ ਪਰ ਦੇਸ਼ ਦੀ ਅਰਥਵਿਵਸਥਾ ਵਿੱਚ ਉਸ ਦੀ ਘਟਦੀ ਹਿੱਸੇਦਾਰੀ ਇੱਕ ਵੱਡੀ ਚੁਣੌਤੀ ਹੈ ।

ਇੱਥੇ ਆਰਟੀਫੀਸ਼ੀਅਲ ਇੰਟੈਲੀਜੈਂਸ ਭਾਵ ਏ. ਆਈ. ਇੱਕ ਵੱਡੇ ਬਦਲਾਅ ਦਾ ਰਾਹ ਖੋਲ੍ਹ ਸਕਦਾ ਹੈ । ਇਹ ਸਿਰਫ਼ ਇੱਕ ਨਵੀਂ ਟੈਕਨਾਲੋਜੀ ਨਹੀਂ, ਸਗੋਂ ਖੇਤੀ ਨੂੰ ਪੂਰੀ ਤਰ੍ਹਾਂ ਬਦਲ ਦੇਣ ਵਾਲੀ ਤਾਕਤ ਬਣ ਸਕਦਾ ਹੈ । ਏ. ਆਈ. ਦੇ ਜ਼ਰੀਏ ਖੇਤੀ ਨੂੰ ਮਿਹਨਤਕਸ਼ ਗੁਜ਼ਾਰੇ ਵਿੱਚੋਂ ਕੱਢ ਕੇ ਛੋਟਾ ਅਤੇ ਟੈਕਨਾਲੋਜੀ ਆਧਾਰਿਤ ਸਮਾਰਟ ਖੇਤੀ, ਜ਼ਿਆਦਾ ਮੁਨਾਫ਼ੇਵੰਦ ਅਤੇ ਸਭ ਤੋਂ ਅਹਿਮ ਨੌਜਵਾਨਾਂ ਨੂੰ ਇਸ ਨਾਲ ਜੋੜਿਆ ਜਾ ਸਕਦਾ ਹੈ ।

ਸਮਾਰਟ ਖੇਤੀ ਵੱਲ : ਏ. ਆਈ. ਖੇਤੀ ਦੇ ਤੌਰ-ਤਰੀਕੇ ਬਦਲ ਰਿਹਾ ਹੈ । ਹੁਣ ਸੈਟੇਲਾਈਟ ਤਸਵੀਰਾਂ, ਮਿੱਟੀ ਦੀ ਜਾਂਚ, ਮੌਸਮ ਦੇ ਪੈਟਰਨ ਅਤੇ ਫ਼ਸਲ ਦੀ ਸਥਿਤੀ ਦੇ ਆਧਾਰ 'ਤੇ ਕਿਸਾਨਾਂ ਨੂੰ ਤੁਰੰਤ ਸਲਾਹ ਮਿਲ ਸਕਦੀ ਹੈ । ਇਸ ਨਾਲ ਕਿਸਾਨ ਸਹੀ ਸਮੇਂ 'ਤੇ ਬਿਜਾਈ ਕਰ ਸਕਦਾ ਹੈ, ਖਾਦ ਅਤੇ ਕੀਟਨਾਸ਼ਕਾਂ ਦੀ ਸੰਤੁਲਿਤ ਵਰਤੋਂ ਕਰ ਸਕਦਾ ਹੈ ਅਤੇ ਬਾਜ਼ਾਰ ਵਿੱਚ ਸਹੀ ਸਮੇਂ 'ਤੇ ਫ਼ਸਲ ਵੇਚ ਸਕਦਾ ਹੈ ।

ਦੁਨੀਆ ਦੇ ਕਈ ਵਿਕਸਿਤ ਦੇਸ਼ਾਂ ਵਿੱਚ ਅਜਿਹੇ ਪ੍ਰਯੋਗਾਂ ਨੇ ਸ਼ਾਨਦਾਰ ਨਤੀਜੇ ਦਿੱਤੇ ਹਨ । ਏ. ਆਈ. ਆਧਾਰਿਤ ਖੇਤੀ ਨਾਲ ਉਤਪਾਦਨ ਵਿੱਚ ਵਾਧਾ, ਪਾਣੀ ਅਤੇ ਰਸਾਇਣਕ ਖਾਦਾਂ ਤੇ ਕੀਟਨਾਸ਼ਕਾਂ ਦੀ ਖਪਤ ਕਾਫ਼ੀ ਘਟਾਈ ਜਾ ਸਕਦੀ ਹੈ । ਸਮਾਰਟ ਫ਼ੋਨ ਅਤੇ ਡਿਜੀਟਲ ਦੁਨੀਆ ਵਿੱਚ ਪਲੀ-ਵਧੀ ਨਵੀਂ ਪੀੜ੍ਹੀ ਲਈ ਇਹ ਬਦਲਅ ਖੇਤੀ ਨੂੰ ਟੈਕਨਾਲੋਜੀ ਆਧਾਰਿਤ ਪੇਸ਼ੇ ਵਿੱਚ ਬਦਲ ਦਿੰਦਾ ਹੈ, ਜਿੱਥੇ ਪਾਣੀ ਅਤੇ ਟਰੈਕਟਰ ਦੇ ਨਾਲ ਡੇਟਾ ਐਨਾਲਿਟਿਕਸ ਵੀ ਓਨੇ ਹੀ ਜ਼ਰੂਰੀ ਹਨ, ਜਿੰਨੇ ਖੇਤੀ ਦੇ ਦੂਜੇ ਰਵਾਇਤੀ ਸਾਧਨ ।

ਏ. ਆਈ., ਮੌਕੇ ਅਤੇ ਚੁਣੌਤੀਆਂ : ਭਾਰਤ ਕੋਲ ਖੇਤੀ ਨਾਲ ਜੁੜੇ ਵਿਸ਼ਾਲ ਡੇਟਾ ਵਿੱਚ ਮੌਸਮ, ਮਿੱਟੀ, ਸੈਟੇਲਾਈਟ ਅਤੇ ਫ਼ਸਲਾਂ ਸੰਬੰਧੀ ਅੰਕੜੇ ਹਨ ਪਰ ਅਜੇ ਵੀ 10 ਫ਼ੀਸਦੀ ਤੋਂ ਘੱਟ ਕਿਸਾਨ ਡਿਜੀਟਲ ਸਲਾਹ ਦੀ ਵਰਤੋਂ ਕਰਦੇ ਹਨ । ਭਾਵ ਟੈਕਨਾਲੋਜੀ ਦਾ ਅਸਲੀ ਫ਼ਾਇਦਾ ਅਜੇ ਖੇਤਾਂ ਦੀ ਪਹੁੰਚ ਤੋਂ ਦੂਰ ਹੈ ।

ਹਾਲਾਂਕਿ ਹੁਣ ਤਸਵੀਰ ਬਦਲਣ ਲੱਗੀ ਹੈ । 'ਕਿਸਾਨ ਈ-ਮਿੱਤਰ' ਵਰਗੇ ਪਲੇਟਫਾਰਮ ਰੋਜ਼ ਹਜ਼ਾਰਾਂ ਕਿਸਾਨਾਂ ਦੇ ਸਵਾਲਾਂ ਦੇ ਜਵਾਬ ਦੇ ਰਹੇ ਹਨ । ਆਈ. ਆਈ. ਟੀ. ਰੋਪੜ ਦੀ 'ਐਨਮ ਏ. ਆਈ.' ਐਪ ਵਰਗੀਆਂ ਪਹਿਲਕਦਮੀਆਂ ਵੀ ਡੇਟਾ ਨੂੰ ਆਸਾਨ ਭਾਸ਼ਾ ਵਿੱਚ ਕਿਸਾਨਾਂ ਤੱਕ ਪਹੁੰਚਾ ਰਹੀਆਂ ਹਨ । ਸ਼ੁਰੂਆਤੀ ਪ੍ਰਯੋਗ ਤੋਂ ਇਹ ਸਾਫ਼ ਹੋਇਆ ਹੈ ਕਿ ਏ. ਆਈ. ਦੀ ਵਰਤੋਂ ਨਾਲ ਖੇਤੀ ਦੀ ਲਾਗਤ 8 ਤੋਂ 12 ਫ਼ੀਸਦੀ ਤੱਕ ਘੱਟ ਸਕਦੀ ਹੈ ਅਤੇ ਉਤਪਾਦਨ 20 ਤੋਂ 30 ਫ਼ੀਸਦੀ ਤੱਕ ਵਧ ਸਕਦਾ ਹੈ ।



ਡਾ. ਅੰਮ੍ਰਿਤ ਸਾਗਰ ਮਿੱਤਲ
ਵਾਈਸ ਚੇਅਰਮੈਨ ਸੋਨਾਲੀਕਾ

ਏ. ਆਈ. ਖੇਤ ਮਜ਼ਦੂਰਾਂ ਦਾ ਰੋਜ਼ਗਾਰ ਖੋਹੇਗੀ ? : ਅਕਸਰ ਇਹ ਚਿੰਤਾ ਜਤਾਈ ਜਾਂਦੀ ਹੈ ਕਿ ਏ. ਆਈ. ਤੇ ਮਸ਼ੀਨਾਂ ਖੇਤ ਮਜ਼ਦੂਰਾਂ ਨੂੰ ਬੇਰੋਜ਼ਗਾਰ ਕਰ ਦੇਣਗੀਆਂ ਪਰ ਭਾਰਤ ਦੀ ਜ਼ਮੀਨੀ ਹਕੀਕਤ ਵੱਖਰੀ ਹੈ । ਇੱਥੇ 86 ਫ਼ੀਸਦੀ ਕਿਸਾਨਾਂ ਕੋਲ 2 ਹੈਕਟੇਅਰ ਤੱਕ ਦੇ ਖੇਤ ਹਨ, ਜਿੱਥੇ ਪੂਰੀ ਤਰ੍ਹਾਂ ਮਸ਼ੀਨਾਂ 'ਤੇ ਨਿਰਭਰ ਹੋਣਾ ਸੰਭਵ ਨਹੀਂ । ਅਜਿਹੇ ਵਿੱਚ ਏ. ਆਈ. ਖੇਤ ਮਜ਼ਦੂਰਾਂ ਦਾ ਕੰਮ ਖ਼ਤਮ ਨਹੀਂ ਕਰੇਗੀ, ਸਗੋਂ ਕੰਮ ਦਾ ਤਰੀਕਾ ਬਦਲੇਗੀ । ਹੁਣ ਨਵੇਂ ਤਰ੍ਹਾਂ ਦੇ ਕੰਮ ਸਾਹਮਣੇ ਆ ਰਹੇ ਹਨ, ਜਿਵੇਂ ਐਗਰੀ-ਡੇਟਾ ਸੰਭਾਲਣ ਵਾਲੇ ਤਕਨੀਸ਼ੀਅਨ, ਡਰੋਨ ਨਾਲ ਛਿੜਕਾਅ ਕਰਨ ਵਾਲੇ ਅਪ੍ਰੇਟਰ ਅਤੇ ਸਪਲਾਈ ਚੇਨ ਨੂੰ ਸੰਭਾਲਣ ਵਾਲੇ ਐਕਸਪਰਟ ਛੋਟੀ ਜੋਤ ਦੀ ਖੇਤੀ ਨੂੰ ਵੀ ਮੁਨਾਫ਼ੇਵੰਦ ਬਣਾਉਣ ਵਿੱਚ ਮਦਦਗਾਰ ਸਾਬਤ ਹੋ ਸਕਦੇ ਹਨ ।

1966 ਵਿੱਚ ਹਰੀ ਕ੍ਰਾਂਤੀ ਅਤੇ ਮਸ਼ੀਨੀਕਰਨ ਦੀ ਅਗਵਾਈ ਕਰਨ ਵਾਲੇ ਪੰਜਾਬ ਅਤੇ ਹਰਿਆਣਾ ਦੇ ਕਈ ਇਲਾਕਿਆਂ ਵਿੱਚ ਔਰਤਾਂ ਡਰੋਨ ਨਾਲ ਫ਼ਸਲਾਂ ਦੀ ਨਿਗਰਾਨੀ ਅਤੇ ਕੀਟਨਾਸ਼ਕਾਂ ਦਾ ਛਿੜਕਾਅ ਕਰ ਰਹੀਆਂ ਹਨ । ਇਹ ਸੰਕੇਤ ਹੈ ਕਿ ਆਉਣ ਵਾਲੇ ਸਮੇਂ ਵਿੱਚ ਪਿੰਡਾਂ ਦੀ ਅਰਥਵਿਵਸਥਾ ਵੀ ਡਿਜੀਟਲ ਟੈਕਨਾਲੋਜੀ ਨਾਲ ਬਦਲੇਗੀ । ਭਾਵ ਏ. ਆਈ. ਰੋਜ਼ਗਾਰ ਘੱਟ ਨਹੀਂ ਕਰੇਗੀ, ਸਗੋਂ ਖੇਤੀ ਨੂੰ ਕੁਸ਼ਲ ਅਤੇ ਸਨਮਾਨਜਨਕ ਪੇਸ਼ੇ ਵਿੱਚ ਬਦਲ ਸਕਦੀ ਹੈ ।

ਕਿਵੇਂ ਵਿਕਸਿਤ ਦੇਸ਼ਾਂ ਨੇ ਨੌਜਵਾਨਾਂ ਨੂੰ ਖੇਤਾਂ ਵੱਲ ਖਿੱਚਿਆ : ਦੁਨੀਆ ਦੇ ਕਈ ਦੇਸ਼ਾਂ ਨੇ ਸਾਬਤ ਕੀਤਾ ਕਿ ਜਦੋਂ ਖੇਤੀ ਟੈਕਨਾਲੋਜੀ ਨਾਲ ਜੁੜਦੀ ਹੈ, ਤਾਂ ਨੌਜਵਾਨ ਖੁਦ-ਬ-ਖੁਦ ਉਸ ਨਾਲ ਜੁੜਦੇ ਜਾਂਦੇ ਹਨ । ਚੀਨ ਦੀ ਉਦਾਹਰਣ ਬੇਹੱਦ ਦਿਲਚਸਪ ਹੈ । ਭੂ-ਜਲ ਸੰਕਟ ਦੇ ਬਾਵਜੂਦ ਭਾਰਤ ਲੱਗਭਗ 4.4 ਕਰੋੜ ਹੈਕਟੇਅਰ ਵਿੱਚ ਝੋਨਾ ਉਗਾਉਂਦਾ ਹੈ, ਜਦਕਿ ਭੂ-ਜਲ ਸੰਭਾਲ ਲਈ ਚੀਨ ਨੇ ਝੋਨੇ ਦਾ ਰਕਬਾ ਘਟਾ ਕੇ 2.8 ਕਰੋੜ ਹੈਕਟੇਅਰ ਕਰ ਦਿੱਤਾ ਹੈ । ਇਸ ਦੇ ਬਾਵਜੂਦ ਚੀਨ ਦਾ ਚਾਵਲ ਉਤਪਾਦਨ ਭਾਰਤ ਤੋਂ ਸਿਰਫ਼ 50 ਲੱਖ ਟਨ ਘੱਟ ਹੈ । ਭਾਰਤ ਵਿੱਚ ਪ੍ਰਤੀ ਹੈਕਟੇਅਰ ਚਾਵਲ ਉਤਪਾਦਨ ਕਰੀਬ 2.3 ਟਨ ਹੈ, ਜਦਕਿ ਚੀਨ ਵਿੱਚ ਪ੍ਰਤੀ ਹੈਕਟੇਅਰ 4 ਟਨ, ਭਾਵ ਭਾਰਤ ਤੋਂ 70 ਫ਼ੀਸਦੀ ਜ਼ਿਆਦਾ ਉਤਪਾਦਨ ।



ਅਮਰੀਕਾ ਵਿੱਚ 'ਸੀ ਐਂਡ ਸਪਰੇਅ' ਵਰਗੀ ਤਕਨੀਕ ਕੰਪਿਊਟਰ ਵਿਜ਼ਨ ਦੇ ਜ਼ਰੀਏ ਸਿਰਫ਼ ਨਦੀਨਾਂ 'ਤੇ ਹੀ ਦਵਾਈ ਪਾਉਂਦੀ ਹੈ, ਜਿਸ ਨਾਲ ਕੈਮੀਕਲ ਕੀਟਨਾਸ਼ਕਾਂ ਦੀ ਵਰਤੋਂ 90 ਫ਼ੀਸਦੀ ਤੱਕ ਘਟ ਜਾਂਦੀ ਹੈ । ਇਜ਼ਰਾਈਲ ਵਿੱਚ ਏ. ਆਈ. ਆਧਾਰਿਤ ਸਿੰਚਾਈ ਪ੍ਰਣਾਲੀ ਮਿੱਟੀ ਅਤੇ ਮੌਸਮ ਦੇ ਹਿਸਾਬ ਨਾਲ ਪਾਣੀ ਦੀ ਵਰਤੋਂ ਤੈਅ ਕਰਦੀ ਹੈ ।

ਖੇਤੀ ਨੂੰ ਆਕਰਸ਼ਕ ਬਣਾਉਣਾ ਹੋਵੇਗਾ : ਹਰੀ ਕ੍ਰਾਂਤੀ ਤੋਂ ਬਾਅਦ ਭਾਰਤ ਦੀ ਖੇਤੀ ਵਿੱਚ ਅਗਲੀ ਵੱਡੀ ਕ੍ਰਾਂਤੀ ਡਿਜੀਟਲ ਟੈਕਨਾਲੋਜੀ ਅਤੇ ਰਵਾਇਤੀ ਖੇਤੀ ਦੇ ਮੇਲ ਨਾਲ ਸੰਭਵ ਹੈ । ਏ. ਆਈ. ਦੀ ਮਦਦ ਨਾਲ ਜਿੱਥੇ ਪੰਜਾਬ ਅਤੇ ਹਰਿਆਣਾ ਵਰਗੇ ਰਾਜਾਂ ਦੀ ਕਣਕ-ਝੋਨੇ ਦੇ ਫ਼ਸਲੀ ਚੱਕਰ 'ਤੇ ਨਿਰਭਰਤਾ ਦਾ ਹੱਲ ਕੱਢਿਆ ਜਾ ਸਕਦਾ ਹੈ, ਉੱਥੇ ਹੀ ਮਿੱਟੀ, ਪਾਣੀ, ਮੌਸਮ, ਬੀਜ, ਖਾਦ ਅਤੇ ਕੀਟਨਾਸ਼ਕ ਦੀ ਖਪਤ ਅਤੇ ਬਾਜ਼ਾਰ ਦੀ ਮੰਗ ਦਾ ਵਿਸ਼ਲੇਸ਼ਣ ਕਰ ਕੇ ਕਿਸਾਨਾਂ ਨੂੰ ਫਲਾਂ, ਸਬਜ਼ੀਆਂ, ਦਾਲਾਂ, ਤੇਲ ਬੀਜਾਂ ਅਤੇ ਬਾਗਬਾਨੀ ਵਰਗੀਆਂ ਵੱਧ ਲਾਭਕਾਰੀ ਫ਼ਸਲਾਂ ਵੱਲ ਮੋੜ ਕੇ ਨਾ ਸਿਰਫ਼ ਉਨ੍ਹਾਂ ਦੀ ਆਮਦਨ ਵਧਾਈ ਜਾ ਸਕਦੀ ਹੈ, ਸਗੋਂ ਪਾਣੀ ਦੀ ਬੱਚਤ ਅਤੇ ਵਾਤਾਵਰਣ ਸੰਤੁਲਨ ਵੀ ਬਿਹਤਰ ਹੋ ਸਕਦਾ ਹੈ ।

ਮਜ਼ਬੂਤ ਡਿਜੀਟਲ ਇਨਫ੍ਰਾਸਟਰੱਕਚਰ, ਕਿਸਾਨਾਂ ਦੇ ਹੁਨਰ ਵਿਕਾਸ ਅਤੇ ਦੂਰਅੰਦੇਸ਼ੀ ਨੀਤੀਆਂ ਨੂੰ ਜੇਕਰ ਸਹੀ ਢੰਗ ਨਾਲ ਲਾਗੂ ਕੀਤਾ ਜਾਵੇ, ਤਾਂ ਖੇਤੀ ਆਧੁਨਿਕ, ਸਨਮਾਨਜਨਕ ਅਤੇ ਮੁਨਾਫ਼ੇਵੰਦ ਹੋ ਸਕਦੀ ਹੈ । ਉਦੋਂ ਸ਼ਾਇਦ ਕਿਸਾਨ ਵੀ ਫ਼ਖ਼ਰ ਨਾਲ ਕਹਿ ਸਕੇਗਾ ਕਿ 'ਮੇਰੀ ਔਲਾਦ ਵੀ ਕਿਸਾਨ ਬਣੇਗੀ ।'

(ਲੇਖਕ ਕੈਬਨਿਟ ਮੰਤਰੀ ਰੈਂਕ ਵਿੱਚ ਪੰਜਾਬ ਇਕਨਾਮਿਕ ਪਾਲਿਸੀ ਅਤੇ ਪਲਾਨਿੰਗ ਬੋਰਡ ਦੇ ਵਾਈਸ ਚੇਅਰਮੈਨ ਵੀ ਹਨ)

ਘਰੇਲੂ ਬਾਗੀਚੀ ਕੁਝ ਜੁਗਤਾਂ

ਬੱਚਿਆਂ ਨਾਲ ਬਾਗੀਚੀ ਕਰੋ ਤਾਂ ਮਜ਼ਾ ਵੀ ਆਵੇਗਾ ਅਤੇ ਸਿਖਾਈ ਵੀ ਮਿਲੇਗੀ । ਪੰਜਾਬ ਵਿੱਚ ਗਰਮੀ ਵਧਣੀ ਸ਼ੁਰੂ ਹੋ ਗਈ ਹੈ । ਪੁਰਾਣੀਆਂ ਫ਼ਸਲਾਂ ਦੀ ਵਾਢੀ ਕਰ ਲਉ ਅਤੇ ਖਾਲੀ ਥਾਂ 'ਤੇ ਨਵੀਆਂ ਲਾਓ । ਇਸ ਲਈ ਗਰਮ ਰੁੱਤ ਵਾਲੀਆਂ ਸਬਜ਼ੀਆਂ ਅਤੇ ਫੁੱਲਾਂ 'ਤੇ ਧਿਆਨ ਦਿਉ । ਇਸ ਲਈ ਪਾਣੀ ਅਤੇ ਛਾਂ ਦਾ ਖਾਸ ਧਿਆਨ ਰੱਖੋ । ਗਮਲਿਆਂ ਵਿੱਚ ਛੋਟੀਆਂ ਫ਼ਸਲਾਂ ਲਾਉ ਤਾਂ ਜੋ ਆਸਾਨੀ ਨਾਲ ਮੈਨੇਜ ਹੋ ਸਕਣ । ਇਸ ਸਮੇਂ ਘਰੇਲੂ ਬਗੀਚੀ ਵਿੱਚ ਪੋਟਾਸ਼, ਗਮਲਿਆਂ ਜਾਂ ਛੋਟੀ ਖੇਤੀ ਵਿੱਚ ਚੁੱਕਵੀਆਂ ਸਬਜ਼ੀਆਂ ਲਾਓ । ਭਿੰਡੀ ਗਰਮੀ ਵਾਲੀ ਫ਼ਸਲ ਅਤੇ ਚੰਗੀ ਪੈਦਾ ਹੁੰਦੀ ਹੈ । ਖੀਰਾ, ਲੌਕੀ, ਤੋਰੀ ਤੇਜ਼ ਵਧਦੀਆਂ ਹਨ । ਕਰੇਲਾ, ਪਰਵਲ ਵੀ ਗਰਮੀ ਲਈ ਚੁੱਕਵੀਆਂ ਹਨ । ਧਨੀਏ ਲਈ ਗਰਮੀ ਵਿੱਚ ਛਾਂ ਰੱਖੋ, ਨਹੀਂ ਤਾਂ ਬੋਲਟਿੰਗ ਹੋ ਜਾਵੇਗੀ । ਬੈਂਗਣ ਤੇ ਸ਼ਿਮਲਾ ਮਿਰਚ ਪੌਲੀਹਾਊਸ/ਛਾਂ ਵਾਲੀ ਥਾਂ 'ਤੇ ਬਿਹਤਰ ਹੈ । ਬੀਜ ਸਿੱਧਾ ਗਮਲੇ ਵਿੱਚ ਬੀਜੋ ਜਾਂ ਨਰਸਰੀ ਤੋਂ ਟਰਾਂਸਪਲਾਂਟ ਲਓ । ਗਰਮੀ ਵਧਣ ਨਾਲ ਠੰਡੀਆਂ ਫ਼ਸਲਾਂ ਪਾਲਕ, ਗੋਭੀ ਘੱਟ ਲਾਓ ।



ਸਿੰਚਾਈ : ਸਵੇਰੇ ਜਾਂ ਸ਼ਾਮ ਨੂੰ ਪਾਣੀ ਦਿਉ । ਮਿੱਟੀ ਨਮੀ ਵਾਲੀ ਰੱਖੋ, ਪਰ ਭਿੱਜੀ ਨਾ ਹੋਵੇ । ਗਰਮੀ ਵਿੱਚ ਰੋਜ਼ਾਨਾ 1-2 ਵਾਰ ਪਾਣੀ ਲੱਗ ਸਕਦਾ ਹੈ । ਮਲਚਿੰਗ (ਪਰਾਲੀ ਜਾਂ ਘਾਹ ਨਾਲ ਢੱਕਣਾ) ਕਰੋ ਤਾਂ ਪਾਣੀ ਘੱਟ ਵਰਤੋਂ ਤੇ ਜੜ੍ਹਾਂ ਠੰਡੀਆਂ ਰਹਿਣਗੀਆਂ ।

ਛਾਂ ਤੇ ਥਾਂ ਦੀ ਚੋਣ : ਦਿਨ ਵੇਲੇ 4-6 ਘੰਟੇ ਧੁੱਪ ਲੱਗਣੀ ਚਾਹੀਦੀ ਹੈ, ਪਰ ਤਿੱਖੀ ਗਰਮੀ ਵਿੱਚ ਛਾਂ ਲਈ ਨੈਟ ਵਰਤੋ (ਖਾਸ ਕਰਕੇ ਟਮਾਟਰ, ਮਿਰਚ ਲਈ) । ਛੱਤ ਜਾਂ ਬਾਲਕੋਨੀ 'ਤੇ ਉੱਤਰੀ/ਪੂਰਬੀ ਪਾਸੇ ਬਿਹਤਰ ।

ਖਾਦ ਤੇ ਮਿੱਟੀ : ਖਾਦ ਲਈ ਘਰੇਲੂ ਖਾਦ (ਕੰਪੋਸਟ, ਵਰਮੀਕੰਪੋਸਟ) ਵਰਤੋ । ਨਾਈਟਰੋਜਨ ਵਾਲੀ ਖਾਦ ਗਰਮੀ ਵਾਲੀਆਂ ਫ਼ਸਲਾਂ ਲਈ ਚੰਗੀ ਹੁੰਦੀ ਹੈ । ਮਿੱਟੀ ਵਿੱਚ ਰੇਤ ਜਾਂ ਕੋਕੋਪੀਟ ਮਿਲਾਓ । ਡ੍ਰੇਨੇਜ ਚੰਗੀ ਹੋਣੀ ਚਾਹੀਦੀ ਹੈ ।

ਫੁੱਲਾਂ ਲਈ : ਮੈਰੀਗੋਲਡ, ਜ਼ੀਨੀਆ, ਪੋਰਟੂਲਾਕਾਂ ਲਾਓ । ਇਹ ਗਰਮੀਆਂ ਵਿੱਚ ਚੰਗੇ ਚੱਲਦੇ ਹਨ ਅਤੇ ਕੀੜਿਆਂ ਨੂੰ ਭਜਾਉਂਦੇ ਹਨ ।

ਖਾਸ ਸਾਵਧਾਨੀਆਂ : ਤਾਪਮਾਨ ਵਧਣ ਨਾਲ ਫ਼ਸਲਾਂ 'ਤੇ ਹੀਟ ਸਟ੍ਰੈਸ ਨਾ ਪਵੇ, ਇਸ ਲਈ ਸਵੇਰੇ ਸਿੰਚਾਈ ਕਰੋ । ਜੇ ਮੀਂਹ ਆਵੇ ਤਾਂ ਜੜ੍ਹਾਂ ਨਾ ਸੜਨ ।

ਕੀੜੇ-ਮਕੌੜਿਆਂ ਤੋਂ ਬਚਾਅ : ਗਰਮੀ ਵੱਧਣ ਨਾਲ ਐਫਿਡ, ਵਾਈਟ ਫਲਾਈ ਵੱਧ ਸਕਦੇ ਹਨ । ਨਿੰਮ ਦਾ ਤੇਲ ਜਾਂ ਘਰੇਲੂ ਸਪਰੇਅ (ਲੱਸਣ-ਪਿਆਜ਼ ਵਾਲਾ) ਵਰਤੋ । ਰੋਜ਼ਾਨਾ ਪੱਤਿਆਂ ਨੂੰ ਚੈਕ ਕਰੋ ।



ਗਰਮੀਆਂ ਲਈ ਕਰੋ
ਹਰੇ ਚਾਰੇ ਦੀ ਬਿਜਾਈ

ਅਗੇਤੀ ਕਣਕ ਦੀ ਵਾਢੀ ਨਾਲ ਵਿਹਲੇ ਹੋਏ ਖੇਤਾਂ ਵਿੱਚ ਹਰੇ ਚਾਰੇ ਦੀ ਬਿਜਾਈ ਕੀਤੀ ਜਾ ਸਕਦੀ ਹੈ । ਅਪ੍ਰੈਲ ਦਾ ਮਹੀਨਾ ਸਾਉਣੀ ਦੇ ਸਾਰੇ ਹਰੇ ਚਾਰਿਆਂ ਦੀ ਬਿਜਾਈ ਲਈ ਢੁਕਵਾਂ ਹੈ । ਇਸ ਮਹੀਨੇ ਮੱਕੀ, ਬਾਜਰਾ, ਚਰ੍ਹੀ, ਵਧੇਰੇ ਲੌ ਦੇਣ ਵਾਲੀ ਚਰ੍ਹੀ, ਦੋਗਲਾ ਨੇਪੀਅਰ ਬਾਜਰਾ, ਗਿੰਨੀ ਘਾਹ ਤੇ ਰਵਾਂਹ ਦੀ ਕਾਸ਼ਤ ਕੀਤੀ ਜਾ ਸਕਦੀ ਹੈ । ਜੇਕਰ ਚਾਰੇ ਦੀਆਂ ਫ਼ਸਲਾਂ ਵਿੱਚ ਰਵਾਂਹ ਰਲਾ ਕੇ ਬੀਜੇ ਜਾਣ ਤਾਂ ਚਾਰੇ ਦੀ ਪੌਸ਼ਟਿਕਤਾ ਵਿੱਚ ਵਾਧਾ ਕੀਤਾ ਜਾ ਸਕਦਾ ਹੈ ।



ਡਾ. ਰਣਜੀਤ ਸਿੰਘ

ਪੰਜਾਬ ਦੀ ਸਾਰੀ ਖੇਤੀ ਭਾਵੇਂ ਮਸ਼ੀਨੀ ਹੋ ਗਈ ਹੈ ਪਰ ਫਿਰ ਵੀ ਪਸ਼ੂਆਂ ਦੀ ਗਿਣਤੀ 80 ਲੱਖ ਤੋਂ ਵੱਧ ਹੈ । ਇਨ੍ਹਾਂ ਲਈ ਹਰ ਸਾਲ ਕੋਈ 900 ਲੱਖ ਟਨ ਹਰਾ ਚਾਰਾ ਚਾਹੀਦਾ ਹੈ ਪਰ ਪੰਜਾਬ ਵਿੱਚ ਇਸ ਸਮੇਂ ਚਾਰੇ ਦੀ ਪੈਦਾਵਾਰ 700 ਲੱਖ ਤੋਂ ਵੀ ਘੱਟ ਹੈ । ਸੂਬੇ ਵਿੱਚ ਜਿੱਥੇ ਚਾਰਿਆਂ ਹੇਠ ਰਕਬੇ ਵਿੱਚ ਵਾਧੇ ਦੀ ਲੋੜ ਹੈ ਉੱਥੇ ਪਸ਼ੂਆਂ ਦੀ ਗਿਣਤੀ ਵਿੱਚ ਵੀ ਵਾਧਾ ਕਰਨਾ ਜ਼ਰੂਰੀ ਹੈ । ਡੇਅਰੀ ਦੇ ਧੰਦੇ ਲਈ ਪੰਜਾਬ ਸਭ ਤੋਂ ਢੁਕਵਾਂ ਹੈ । ਸਾਰੀ ਧਰਤੀ ਸੇਜੂ ਹੋਣ ਕਰਕੇ ਸਾਰਾ ਸਾਲ ਹਰਾ ਚਾਰਾ ਮਿਲ ਸਕਦਾ ਹੈ । ਉਂਝ ਵੀ ਛੋਟੇ ਕਿਸਾਨਾਂ ਦੀ ਆਮਦਨ ਵਿੱਚ ਵਾਧੇ ਲਈ ਪਸ਼ੂ ਪਾਲਣ ਨੂੰ ਉਤਸ਼ਾਹਿਤ ਕਰਨਾ ਜ਼ਰੂਰੀ ਹੈ । ਇਸ ਸਮੇਂ ਵੀ ਸੂਬੇ ਵਿੱਚ ਦੁੱਧ ਦੀ ਪ੍ਰਤੀ ਡੰਗਰ ਪ੍ਰਾਪਤੀ ਸਾਰੇ ਦੇਸ਼ ਤੋਂ ਵਧ ਹੈ । ਇਥੇ ਦੇਸ਼ ਦੇ ਸਾਰੇ ਡੰਗਰਾਂ ਦਾ ਕੋਈ ਦੋ ਪ੍ਰਤੀਸ਼ਤ ਹੈ ਪਰ ਦੁੱਧ ਦੇਸ਼ ਦੀ ਕੁਲ ਪੈਦਾਵਾਰ ਦਾ ਅੱਠ ਪ੍ਰਤੀਸ਼ਤ ਹੈ । ਚੰਗੇ ਪਸ਼ੂ ਪ੍ਰਬੰਧ ਅਤੇ ਹਰੇ ਚਾਰੇ ਵਿੱਚ ਵਾਧੇ ਨਾਲ ਦੁੱਧ ਦੀ ਮਿਕਦਾਰ ਵਿੱਚ ਵਾਧਾ ਕੀਤਾ ਜਾ ਸਕਦਾ ਹੈ ।

ਅਗੇਤੀ ਕਣਕ ਦੀ ਵਾਢੀ ਨਾਲ ਵਿਹਲੇ ਹੋਏ ਖੇਤਾਂ ਵਿੱਚ ਹਰੇ ਚਾਰੇ ਦੀ ਬਿਜਾਈ ਕੀਤੀ ਜਾ ਸਕਦੀ ਹੈ । ਅਪ੍ਰੈਲ ਦਾ ਮਹੀਨਾ ਸਾਉਣੀ ਦੇ ਸਾਰੇ ਹਰੇ ਚਾਰਿਆਂ ਦੀ ਬਿਜਾਈ ਲਈ ਢੁਕਵਾਂ ਹੈ । ਇਸ ਮਹੀਨੇ ਮੱਕੀ, ਬਾਜਰਾ, ਚਰ੍ਹੀ, ਵਧੇਰੇ ਲੌ ਦੇਣ ਵਾਲੀ ਚਰ੍ਹੀ, ਦੋਗਲਾ ਨੇਪੀਅਰ ਬਾਜਰਾ, ਗਿੰਨੀ ਘਾਹ ਤੇ ਰਵਾਂਹ ਦੀ ਕਾਸ਼ਤ ਕੀਤੀ ਜਾ ਸਕਦੀ ਹੈ । ਜੇਕਰ ਚਾਰੇ ਦੀਆਂ ਫ਼ਸਲਾਂ ਵਿੱਚ ਰਵਾਂਹ ਰਲਾ ਕੇ ਬੀਜੇ ਜਾਣ ਤਾਂ ਚਾਰੇ ਦੀ ਪੌਸ਼ਟਿਕਤਾ ਵਿੱਚ ਵਾਧਾ ਕੀਤਾ ਜਾ ਸਕਦਾ ਹੈ । ਗਰਮੀਆਂ ਵਿੱਚ ਲਵੇਰਿਆਂ ਦਾ ਦੁੱਧ ਘਟ ਜਾਂਦਾ ਹੈ । ਗਰਮੀ ਦੇ ਨਾਲੋਂ-ਨਾਲ ਇਸ ਦਾ ਇੱਕ ਕਾਰਨ ਹਰੇ ਚਾਰੇ ਦੀ ਘਾਟ ਵੀ ਹੈ । ਕਿਸਾਨਾਂ ਨੂੰ ਚਾਹੀਦਾ ਹੈ ਕਿ ਜਿਹੜਾ ਵੀ ਖੇਤ ਖਾਲੀ ਹੈ ਉਥੇ ਹਰੇ ਚਾਰੇ ਦੀ ਬਿਜਾਈ ਸ਼ੁਰੂ ਕੀਤੀ ਜਾਵੇ ।

ਬਰਸੀਮ ਵੀ ਇਸ ਮਹੀਨੇ ਖਤਮ ਹੋ ਜਾਂਦੀ ਹੈ । ਇੰਝ ਹਰੇ ਚਾਰੇ ਦੀ ਘਾਟ ਆ ਜਾਂਦੀ ਹੈ । ਆਖਰੀ ਕਟਾਈ ਦੀ ਥਾਂ ਫ਼ਸਲ ਨੂੰ ਪਕਣ ਦੇਵੋ ਤਾਂ ਜੋ ਅਗਲੇ ਸਾਲ ਲਈ ਬੀਜ ਪ੍ਰਾਪਤ ਹੋ ਸਕੇ । ਚਾਰੇ ਦੀ ਫ਼ਸਲ ਉਤੇ ਕਿਸੇ ਵੀ ਕੀਟਨਾਸ਼ਕ ਤੇ ਨਦੀਨ ਨਾਸ਼ਕ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਜੇਕਰ ਬਹੁਤ ਜ਼ਰੂਰੀ ਹੋ ਜਾਵੇ ਤਾਂ ਮਾਹਿਰਾਂ ਦੀ ਸਲਾਹ ਤੋਂ ਬਗੈਰ ਇਨ੍ਹਾਂ ਦੀ ਵਰਤੋਂ ਨਾ ਕੀਤੀ ਜਾਵੇ । ਛਿੜਕਾਅ ਪਿੱਛੋਂ ਚਾਰੇ ਨੂੰ ਉਤਨੇ ਦਿਨ ਨਾ ਕੱਟਿਆ ਜਾਵੇ ਜਿਤਨੇ ਦਿਨ ਦੀ ਸਿਫ਼ਾਰਸ਼ ਕੀਤੀ ਗਈ ਹੈ । ਚਾਰੇ ਦੀ ਫ਼ਸਲ ਨੂੰ ਸਿਫ਼ਾਰਸ਼ ਕੀਤੀ ਮਾਤਰਾ ਤੋਂ ਵੱਧ ਰਸਾਇਣਿਕ ਖਾਦਾਂ ਨਹੀਂ ਪਾਉਣੀਆਂ ਚਾਹੀਦੀਆਂ ਜਿਥੋਂ ਤੱਕ ਹੋ ਸਕੇ ਰੂੜੀ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਵੇ ।

ਮੱਕੀ ਇੱਕ ਵਧੀਆ ਚਾਰਾ ਹੈ । ਪਸ਼ੂ ਇਸ ਨੂੰ ਖੁਸ਼ ਹੋ ਕੇ ਖਾਂਦੇ ਹਨ । ਇਹ ਦੋ ਮਹੀਨਿਆਂ ਵਿੱਚ ਕਟਾਈ ਲਈ ਤਿਆਰ ਹੋ ਜਾਂਦਾ ਹੈ । ਜੇ 1008 ਅਤੇ ਜੇ 1007 ਸਿਫਾਰਸ਼ ਕੀਤੀਆਂ ਕਿਸਮਾਂ ਹਨ । ਇਨ੍ਹਾਂ ਤੋਂ ਕੋਈ 165 ਕੁਇੰਟਲ ਹਰਾ ਚਾਰਾ ਪ੍ਰਤੀ ਏਕੜ ਪ੍ਰਾਪਤ ਹੋ ਜਾਂਦਾ ਹੈ । ਇਕ ਏਕੜ ਲਈ 30 ਕਿਲੋ ਬੀਜ ਦੀ ਲੋੜ ਪੈਂਦੀ ਹੈ । ਚਰ੍ਹੀ ਅਜੇਹਾ ਚਾਰਾ ਹੈ ਜਿਸ ਨੂੰ ਚੋਖਾ ਪਸੰਦ ਕੀਤਾ ਜਾਂਦਾ ਹੈ । ਰੇਤਲੇ ਇਲਾਕਿਆਂ ਵਿੱਚ ਤਾਂ ਬਿਜਾਈ ਹੀ ਬਾਜਰੇ ਦੀ ਕੀਤੀ ਜਾਂਦੀ ਹੈ । ਪੀ ਸੀ ਬੀ 164, ਪੀ ਸੀ ਬੀ 165 ਅਤੇ ਪੀ ਸੀ ਬੀ 166 ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ । ਇੱਕ ਏਕੜ ਲਈ ਅੱਠ ਕਿਲੋ ਬੀਜ ਵਰਤੋਂ ਪਰ ਬੀਜ ਨੂੰ ਬੀਜਣ ਤੋਂ ਪਹਿਲਾਂ ਐਗਰੋਜ਼ੀਮ ਅਤੇ ਕੈਪਟਾਨ ਜਾਂ ਥੀਰਮ ਜ਼ਹਿਰ ਨਾਲ ਸੋਧ ਲਵੋ । ਰਵਾਂਹ ਇੱਕ ਪੌਸ਼ਟਿਕ ਚਾਰਾ ਹੈ । ਇਸ ਨੂੰ ਮੱਕੀ ਤੇ ਚਰ੍ਹੀ ਵਿੱਚ ਰਲਾ ਕੇ ਵੀ ਬੀਜਿਆ ਜਾਂਦਾ ਹੈ । ਸੀ ਐਲ 367 ਸਿਫ਼ਾਰਸ਼ ਕੀਤੀ ਕਿਸਮ ਹੈ । ਇੱਕ ਏਕੜ ਵਿੱਚੋਂ ਕੋਈ 108 ਕੁਇੰਟਲ ਹਰਾ ਚਾਰਾ ਪ੍ਰਾਪਤ ਹੋ ਜਾਂਦਾ ਹੈ । ਇਸ ਲਈ 12 ਕਿਲੋ ਬੀਜ ਪ੍ਰਤੀ ਏਕੜ ਚਾਹੀਦਾ ਹੈ । ਘਰ ਵਿੱਚ ਲਵੇਰਾ ਜ਼ਰੂਰ ਰੱਖੋ ਤਾਂ ਜੋ ਘਰ ਦਾ ਸ਼ੁੱਧ ਦੁੱਧ, ਮੱਖਣ ਤੇ ਘਿਉ ਵਰਤਿਆ ਜਾ ਸਕੇ । ਪੰਜਾਬੀ ਜਿਹੜੇ ਰਾਤ ਨੂੰ ਸੌਣ ਤੋਂ ਪਹਿਲਾਂ ਦੁੱਧ ਦਾ ਗਲਾਸ ਪੀਂਦੇ ਸੀ ਤੇ ਸਵੇਰ ਅਧਿਰੜਕਾ ਉਹ ਕੁਝ ਚਾਹ ਤੇ ਦਾਰੂ ਦੇ ਲੜ ਲੱਗ ਗਏ ਹਨ । ਇਸੇ ਕਰਕੇ ਪੰਜਾਬੀ ਵੀ ਕੁਪੋਸ਼ਣ ਦਾ ਸ਼ਿਕਾਰ ਹੋ ਰਹੇ ਹਨ ਤੇ ਸਰੀਰਕ ਪੱਖੋਂ ਕਮਜ਼ੋਰ ਹੋ ਰਹੇ ਹਨ । ਚੰਗਾ, ਸ਼ੁੱਧ ਅਤੇ ਤਾਜਾ ਖਾਵੋ ਪੀਉ । ਮਿਹਨਤ ਕਰੋ ਤਾਂ ਪੰਜਾਬ ਦੀ ਜਵਾਨੀ ਨੂੰ ਸੰਭਾਲਿਆ ਜਾ ਸਕੇ ।



ਗਿੰਨੀ ਘਾਹ ਤੇ ਰਵਾਂਹ ਦੀ ਕਾਸ਼ਤ ਕੀਤੀ ਜਾ ਸਕਦੀ ਹੈ । ਜੇਕਰ ਚਾਰੇ ਦੀਆਂ ਫ਼ਸਲਾਂ ਵਿੱਚ ਰਵਾਂਹ ਰਲਾ ਕੇ ਬੀਜੇ ਜਾਣ ਤਾਂ ਚਾਰੇ ਦੀ ਪੌਸ਼ਟਿਕਤਾ ਵਿੱਚ ਵਾਧਾ ਕੀਤਾ ਜਾ ਸਕਦਾ ਹੈ । ਗਰਮੀਆਂ ਵਿੱਚ ਲਵੇਰਿਆਂ ਦਾ ਦੁੱਧ ਘਟ ਜਾਂਦਾ ਹੈ । ਗਰਮੀ ਦੇ ਨਾਲੋਂ-ਨਾਲ ਇਸ ਦਾ ਇੱਕ ਕਾਰਨ ਹਰੇ ਚਾਰੇ ਦੀ ਘਾਟ ਵੀ ਹੈ । ਕਿਸਾਨਾਂ ਨੂੰ ਚਾਹੀਦਾ ਹੈ ਕਿ ਜਿਹੜਾ ਵੀ ਖੇਤ ਖਾਲੀ ਹੈ ਉਥੇ ਹਰੇ ਚਾਰੇ ਦੀ ਬਿਜਾਈ ਸ਼ੁਰੂ ਕੀਤੀ ਜਾਵੇ ।

ਬਰਸੀਮ ਵੀ ਇਸ ਮਹੀਨੇ ਖਤਮ ਹੋ ਜਾਂਦੀ ਹੈ । ਇੰਝ ਹਰੇ ਚਾਰੇ ਦੀ ਘਾਟ ਆ ਜਾਂਦੀ ਹੈ । ਆਖਰੀ ਕਟਾਈ ਦੀ ਥਾਂ ਫ਼ਸਲ ਨੂੰ ਪਕਣ ਦੇਵੋ ਤਾਂ ਜੋ ਅਗਲੇ ਸਾਲ ਲਈ ਬੀਜ ਪ੍ਰਾਪਤ ਹੋ ਸਕੇ । ਚਾਰੇ ਦੀ ਫ਼ਸਲ ਉਤੇ ਕਿਸੇ ਵੀ ਕੀਟਨਾਸ਼ਕ ਤੇ ਨਦੀਨ ਨਾਸ਼ਕ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਜੇਕਰ ਬਹੁਤ ਜ਼ਰੂਰੀ ਹੋ ਜਾਵੇ ਤਾਂ ਮਾਹਿਰਾਂ ਦੀ ਸਲਾਹ ਤੋਂ ਬਗੈਰ ਇਨ੍ਹਾਂ ਦੀ ਵਰਤੋਂ ਨਾ ਕੀਤੀ ਜਾਵੇ । ਛਿੜਕਾਅ ਪਿੱਛੋਂ ਚਾਰੇ ਨੂੰ ਉਤਨੇ ਦਿਨ ਨਾ ਕੱਟਿਆ ਜਾਵੇ ਜਿਤਨੇ ਦਿਨ ਦੀ ਸਿਫ਼ਾਰਸ਼ ਕੀਤੀ ਗਈ ਹੈ । ਚਾਰੇ ਦੀ ਫ਼ਸਲ ਨੂੰ ਸਿਫ਼ਾਰਸ਼ ਕੀਤੀ ਮਾਤਰਾ ਤੋਂ ਵੱਧ ਰਸਾਇਣਿਕ ਖਾਦਾਂ ਨਹੀਂ ਪਾਉਣੀਆਂ ਚਾਹੀਦੀਆਂ ਜਿਥੋਂ ਤੱਕ ਹੋ ਸਕੇ ਰੂੜੀ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਜਾਵੇ ।

ਮੱਕੀ ਇੱਕ ਵਧੀਆ ਚਾਰਾ ਹੈ । ਪਸ਼ੂ ਇਸ ਨੂੰ ਖੁਸ਼ ਹੋ ਕੇ ਖਾਂਦੇ ਹਨ । ਇਹ ਦੋ ਮਹੀਨਿਆਂ ਵਿੱਚ ਕਟਾਈ ਲਈ ਤਿਆਰ ਹੋ ਜਾਂਦਾ ਹੈ । ਜੇ 1008 ਅਤੇ ਜੇ 1007 ਸਿਫਾਰਸ਼ ਕੀਤੀਆਂ ਕਿਸਮਾਂ ਹਨ । ਇਨ੍ਹਾਂ ਤੋਂ ਕੋਈ 165 ਕੁਇੰਟਲ ਹਰਾ ਚਾਰਾ ਪ੍ਰਤੀ ਏਕੜ ਪ੍ਰਾਪਤ ਹੋ ਜਾਂਦਾ ਹੈ । ਇਕ ਏਕੜ ਲਈ 30 ਕਿਲੋ ਬੀਜ ਦੀ ਲੋੜ ਪੈਂਦੀ ਹੈ । ਚਰ੍ਹੀ ਅਜੇਹਾ ਚਾਰਾ ਹੈ ਜਿਹੜਾ ਦੂਜਿਆਂ ਦੇ ਮੁਕਾਬਲੇ ਸਭ ਤੋਂ ਵੱਧ ਰਕਬੇ ਵਿੱਚ ਬੀਜਿਆ ਜਾਂਦਾ ਹੈ । ਐਸ ਐਲ 44, ਐਸ ਐਲ 45, ਐਸ ਐਲ 46 ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ । ਇਸ ਦਾ ਇੱਕ ਏਕੜ ਵਿੱਚੋਂ 240 ਕੁਇੰਟਲ ਚਾਰਾ ਪ੍ਰਾਪਤ ਹੋ ਜਾਂਦਾ ਹੈ । ਇੱਕ ਏਕੜ ਲਈ 25 ਕਿਲੋ ਬੀਜ ਚਾਹੀਦਾ ਹੈ । ਚਰ੍ਹੀ ਦੀਆਂ ਅਜਿਹੀਆਂ ਕਿਸਮਾਂ ਵੀ ਤਿਆਰ ਕੀਤੀਆਂ ਗਈਆਂ ਹਨ ਜਿਨ੍ਹਾਂ ਤੋਂ ਕਈ ਕਟਾਈਆਂ ਪ੍ਰਾਪਤ ਹੋ ਜਾਂਦੀਆਂ ਹਨ । ਪੰਜਾਬ ਸੁਡਕੈਸ ਚਰ੍ਹੀ 4 ਅਤੇ ਪੰਜਾਬ ਸੁਡਕੈਸ ਚਰ੍ਹੀ ਇਸ ਦੀਆਂ ਸਿਫ਼ਾਰਸ਼ ਕੀਤੀਆਂ ਕਿਸਮਾਂ ਹਨ । ਇਨ੍ਹਾਂ ਤੋਂ 450 ਕੁਇੰਟਲ ਤੋਂ ਵੀ ਵਧ ਪ੍ਰਤੀ ਏਕੜ ਹਰਾ ਚਾਰਾ ਮਿਲ ਜਾਂਦਾ ਹੈ । ਇੱਕ ਏਕੜ ਲਈ 15 ਕਿਲੋ ਬੀਜ ਦੀ ਲੋੜ ਪੈਂਦੀ ਹੈ । ਬਾਜਰਾ ਇੱਕ ਹੋਰ ਹਰਾ ਚਾਰਾ

ਖੇਤੀ ਦੁਨੀਆਂ

ਸੰਪੂਰਣ ਖੇਤੀਬਾੜੀ ਸਪਤਾਹਿਕ ਪਟਿਆਲਾ

ਖੇਤੀ ਅਤੇ ਖੇਤੀ ਸਹਾਇਕ ਧੰਦਿਆਂ ਦੀ ਆਧੁਨਿਕ ਜਾਣਕਾਰੀ ਨਾਲ ਭਰਪੂਰ



12 ਨਹੀਂ 24 ਨਹੀਂ

ਹਰ ਹਫਤੇ ਪ੍ਰਕਾਸ਼ਿਤ ਹੋਣ ਵਾਲਾ 52 ਅੰਕ

ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

KHETI DUNIYAN

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 44 ਅੰਕ 14
ਮਿਤੀ 04-04-2026

ਐਡੀਟਰ
ਜਗਪ੍ਰੀਤ ਸਿੰਘ

ਮਾਰਕੀਟਿੰਗ ਦਫਤਰ
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

ਸੰਪਾਦਕੀ ਬੋਰਡ
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ

ਕੰਪੋਜ਼ਿੰਗ
ਏਕਤਾ ਕੰਪਿਊਟਰਜ਼, ਪਟਿਆਲਾ

ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।

Editor : **JAGPREET SINGH**,
Printer, Publisher and Owner of Weekly
'KHETI DUNIYAN' Printed at **Drishti Printers,**
484, Nagra Street, Natan Wali Gali,Backside Dashmesh Market,
Near Sher-e-Punjab Market, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
RNI No.**PUNPUN00806**

ਵੰਨ-ਸੁਵੰਨੀ ਕਾਸ਼ਤ ਨਾਲ ਹੀ ਬਚੇਗੀ ਖੇਤੀਬਾੜੀ ਤੇ ਵਾਤਾਵਰਨ

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਲੋਂ ਹਾੜ੍ਹੀ ਤੇ ਸਾਉਣੀ ਦੀਆਂ ਫ਼ਸਲਾਂ ਦੀ ਬਿਜਾਈ ਤੋਂ ਪਹਿਲਾਂ ਰਜ ਭਰ ਵਿੱਚ ਲਾਏ ਜਾਂਦੇ ਕਿਸਾਨ ਮੇਲੇ ਸਾਡੇ ਖੇਤੀਬਾੜੀ ਵਿਗਿਆਨ ਦੀ ਮਾਣਮੱਤੀ ਵਿਰਾਸਤ ਅਤੇ ਸਾਂਝੀ ਵਿਚਾਰ ਚਰਚਾ ਲਈ ਅਹਿਮ ਮੰਚ ਬਣਦੇ ਹਨ। ਪੰਜਾਬ ਵਿੱਚ ਵਿਗਿਆਨਕ ਖੇਤੀ ਦੀ ਵਿਰਾਸਤ ਦੀ ਸ਼ੁਰੂਆਤ ਪੀ. ਏ. ਯੂ. ਵਲੋਂ ਖੇਤੀ ਤਕਨੀਕਾਂ ਦੀ ਖੋਜ ਅਤੇ ਕਿਸਾਨਾਂ ਤੱਕ ਪਹੁੰਚਾਉਣ ਦੇ ਸਿਲਸਿਲੇ ਵਜੋਂ ਆਰੰਭ ਹੋਈ। ਹਰੀ ਕ੍ਰਾਂਤੀ ਦੌਰਾਨ ਇਸ ਭਾਵਨਾ ਨੂੰ ਬਲ ਮਿਲਿਆ ਅਤੇ ਕਿਸਾਨ ਵਿਗਿਆਨੀ ਦੀ ਸਾਂਝ ਨੇ ਭਾਰਤੀ ਖੇਤੀਬਾੜੀ ਦੇ ਨਜ਼ਰੀਏ ਨੂੰ ਬਦਲ ਦੇ ਦੇਸ਼ ਦੀ ਭੋਜਨ ਸੁਰੱਖਿਆ ਨੂੰ ਯਕੀਨੀ ਬਣਾਇਆ। ਕਣਕ-ਝੋਨਾ ਉਸ ਬਦਲਾਅ ਦੇ ਦੋ ਅਹਿਮ ਪੱਖ ਬਣੇ ਜਿਨ੍ਹਾਂ ਨੇ ਦਹਾਕਿਆਂ ਤੱਕ ਸਥਿਰਤਾ, ਯਕੀਨੀ ਖਰੀਦ ਤੇ ਆਰਥਿਕ ਭਰੋਸਾ ਪ੍ਰਦਾਨ ਕੀਤਾ।

ਖੇਤੀਬਾੜੀ ਪ੍ਰਣਾਲੀਆਂ ਨੂੰ ਬਿਨਾਂ ਸ਼ੱਕ ਸਮੇਂ ਦੇ ਨਾਲ ਬਦਲਣਾ ਅਤੇ ਵਿਕਸਤ ਹੋਣਾ ਚਾਹੀਦਾ ਹੈ। ਕਣਕ ਝੋਨੇ ਵਾਲਾ ਰਵਾਇਤੀ ਉਤਪਾਦਨ ਮਾਡਲ ਜੋ ਕਦੇ ਖੁਸ਼ਹਾਲੀ ਪ੍ਰਦਾਨ ਕਰਦਾ ਸੀ, ਹੁਣ ਕੁਦਰਤੀ ਸਰੋਤਾਂ 'ਤੇ ਕਾਫ਼ੀ ਦਬਾਅ ਦਾ ਕਾਰਨ ਬਣ ਕੇ ਭਵਿੱਖ ਬਾਰੇ ਸੰਜੀਦਾ ਚਰਚਾ ਲਈ ਮਜ਼ਬੂਰ ਕਰ ਰਿਹਾ ਹੈ। ਪਿਛਲੇ ਚਾਰ-ਪੰਜ ਦਹਾਕਿਆਂ ਦੌਰਾਨ ਪੰਜਾਬ ਦੀ ਖੇਤੀਬਾੜੀ ਹੌਲੀ-ਹੌਲੀ ਝੋਨਾ-ਕਣਕ ਫ਼ਸਲੀ ਪ੍ਰਣਾਲੀ ਵਿੱਚ ਵਟ ਗਈ ਹੈ, ਜਿਸ ਵਿੱਚ ਸਾਉਣੀ ਦੇ ਮੌਸਮ ਵਿੱਚ ਝੋਨਾ ਤੇ ਹਾੜ੍ਹੀ ਦੇ ਮੌਸਮ ਵਿੱਚ ਕਣਕ ਸਾਡੇ ਵਧੇਰੇ ਕਾਸ਼ਤ ਖੇਤਰ ਵਿੱਚ ਭਾਰੂ ਹੁੰਦੀ ਹੈ।

ਸਭ ਤੋਂ ਗੰਭੀਰ ਪ੍ਰਭਾਵ ਧਰਤੀ ਹੇਠਲੇ ਪਾਣੀ ਦੇ ਸਰੋਤਾਂ 'ਤੇ ਪਿਆ ਹੈ। ਝੋਨੇ ਦੀ ਕਾਸ਼ਤ ਲਈ ਪਾਣੀ ਵੱਡੀ ਮਾਤਰਾ ਵਿੱਚ ਵਰਤਿਆ ਜਾਂਦਾ ਹੈ। ਬਹੁਤੇ ਜ਼ਿਲ੍ਹਿਆਂ ਵਿੱਚ ਪਾਣੀ ਦਾ ਪੱਧਰ ਚਿੰਤਾਜਨਕ ਰੂਪ ਵਿੱਚ ਡਿਗਿਆ ਹੈ, ਜਿਸ ਨਾਲ ਡੂੰਘੇ ਬੋਰਾਂ ਦੀ ਲੋੜ ਸਿੰਜਾਈ ਦੀਆਂ ਲਾਗਤਾਂ ਨੂੰ ਵਧਾ ਰਹੀ ਹੈ। ਜੇਕਰ ਹਾਲਾਤ ਨੂੰ ਸੰਭਾਲਿਆ ਨਾ ਗਿਆ ਤਾਂ ਆਉਣ ਵਾਲੀਆਂ ਪੀੜ੍ਹੀਆਂ ਲਈ ਸਿੰਜਾਈ ਤੇ ਪੀਣ ਯੋਗ ਪਾਣੀ ਦੀ ਕਮੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਦਹਾਕਿਆਂ ਤੋਂ ਲਗਾਤਾਰ ਝੋਨਾ-ਕਣਕ ਦੀ ਕਾਸ਼ਤ ਨੇ ਭੂਮੀ ਦੀ ਸਿਹਤ ਨੂੰ ਵੀ ਨੁਕਸਾਨ ਪਹੁੰਚਾਇਆ ਹੈ। ਸਮੇਂ ਦੇ ਨਾਲ ਮਿੱਟੀ ਜੈਵਿਕ ਤੱਤਾਂ ਤੋਂ ਵਾਂਝੀ ਤੇ ਘੱਟ ਲਚਕੀਲੀ ਹੁੰਦੀ ਗਈ, ਜਿਸ ਲਈ ਵੱਧ ਖਾਦਾਂ ਦੀ ਲੋੜ ਪੈਂਦੀ ਹੈ। ਸੂਖਮ ਪੌਸ਼ਟਿਕ ਤੱਤਾਂ ਖ਼ਾਸ ਕਰਕੇ ਮੈਗਨੀਜ਼ ਦੀ ਘਾਟ ਉਤਪਾਦਨ ਲਾਗਤਾਂ ਨੂੰ ਹੋਰ ਵਧਾਉਂਦੀ ਹੈ ਅਤੇ ਖੇਤੀ ਕਰਨਾ ਲੰਮੇ ਸਮੇਂ ਲਈ ਲਾਭਦਾਇਕ ਨਹੀਂ ਰਹਿੰਦਾ।

ਪੰਜਾਬ ਵਿੱਚ ਰਵਾਇਤੀ ਖੇਤੀ ਪ੍ਰਣਾਲੀ ਵਿੱਚ ਅਨਾਜ ਫ਼ਸਲਾਂ, ਹਰੇ ਚਾਰੇ, ਰੁੱਖਾਂ ਅਤੇ ਪਸ਼ੂਆਂ ਦਾ ਸੁਮੇਲ ਆਉਂਦਾ ਹੈ। ਇਸ ਨਾਲ ਵਾਤਾਵਰਨ ਤੇ ਕਾਸ਼ਤਕਾਰੀ ਸੰਤੁਲਨ ਅਤੇ ਸਵੈ ਨਿਰਭਰਤਾ ਕਾਇਮ ਹੁੰਦੀ ਹੈ। ਕਣਕ-ਝੋਨੇ ਵਾਲੇ ਚੱਕਰ ਨੇ ਇਸ ਭਿੰਨਤਾ ਨੂੰ ਤੇਜ਼ੀ ਨਾਲ ਘਟਾਇਆ ਹੈ। ਸਿਰਫ਼ ਦੋ ਫ਼ਸਲਾਂ ਦੇ ਦਬਦਬੇ ਵਾਲੇ ਖੇਤ ਘੱਟ ਲਾਭਦਾਇਕ ਕੀੜਿਆਂ, ਪੰਛੀਆਂ ਤੇ ਸੂਖਮ ਜੀਵਾਂ ਦੀ ਪਰਵਰਿਸ਼ ਕਰਕੇ ਕੀਟਾਂ ਦੇ ਕੁਦਰਤੀ ਵਿਧਾਨ ਕਮਜ਼ੋਰ ਕਰਦੇ ਹਨ। ਨਤੀਜਨ ਕੀੜਿਆਂ ਦਾ ਪ੍ਰਕੋਪ ਵਧ ਗਿਆ, ਜਿਸ ਨਾਲ ਰਸਾਇਣਕ ਕੀਟਨਾਸ਼ਕਾਂ 'ਤੇ ਨਿਰਭਰਤਾ ਵੀ ਵੱਧ ਗਈ। ਬਹੁਤ ਜ਼ਿਆਦਾ ਕੀਟਨਾਸ਼ਕਾਂ ਦੀ ਵਰਤੋਂ ਮਿੱਟੀ ਤੇ ਪਾਣੀ ਨੂੰ ਦੂਸ਼ਿਤ ਕਰਕੇ ਮਨੁੱਖੀ ਸਿਹਤ ਲਈ ਜ਼ੋਖ਼ਮ ਪੈਦਾ ਕਰਦੀ ਹੈ ਤੇ ਲਾਭਦਾਇਕ ਜੀਵਾਂ ਨੂੰ ਘਟਾਉਂਦੀ ਹੈ, ਜਿਸ ਨਾਲ ਫ਼ਸਲ ਉਤਪਾਦਕਤਾ ਲਈ ਜ਼ਰੂਰੀ ਪਰਾਗ ਤੱਤ ਵੀ ਸ਼ਾਮਿਲ ਹੁੰਦੇ ਹਨ।

ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨਾ ਝੋਨਾ-ਕਣਕ ਪ੍ਰਣਾਲੀ ਨਾਲ ਜੁੜੀ ਇੱਕ ਹੋਰ ਮਹੱਤਵਪੂਰਨ ਚੁਣੌਤੀ ਹੈ। ਝੋਨੇ ਦੀ ਕਟਾਈ ਤੇ ਕਣਕ ਦੀ ਬਿਜਾਈ ਦੇ ਵਿਚਕਾਰ ਘੱਟ ਵਕਫ਼ਾ ਰਹਿੰਦ-ਖੂੰਹਦ ਪ੍ਰਬੰਧਨ ਲਈ ਘੱਟ ਸਮਾਂ ਦਿੰਦਾ ਹੈ। ਪਰਾਲੀ ਸਾੜਨ ਨਾਲ ਧੂੰਆਂ ਤੇ ਹਾਨੀਕਾਰਕ ਗੈਸਾਂ ਨਿਕਲਦੀਆਂ ਹਨ, ਜੋ ਹਵਾ ਵਿੱਚ ਮਿਲ ਕੇ ਗੰਭੀਰ ਸਥਿਤੀ ਬਣਾਉਂਦੀਆਂ ਹਨ। ਜਨਤਕ ਸਿਹਤ ਦੇ ਮਾੜੇ ਪ੍ਰਭਾਵਾਂ ਤੋਂ ਇਲਾਵਾ ਇਹ ਕੀਮਤੀ ਜੈਵਿਕ ਪਦਾਰਥ ਜੋ ਮਿੱਟੀ ਨੂੰ ਹੋਰ ਅਮੀਰ ਬਣਾਉਂਦੇ ਹਨ, ਦਾ ਨੁਕਸਾਨ ਵੀ ਹੁੰਦਾ ਹੈ। ਮਲਚਿੰਗ ਤੇ ਜੈਵਿਕ ਖਾਦ ਬਣਾਉਣ ਲਈ ਬਿਹਤਰ ਸ਼ੀਲਤਾ ਨੇ ਦੋ ਫ਼ਸਲੀ ਆਧਾਰਿਤ ਪ੍ਰਣਾਲੀ ਦੀਆਂ ਕਮਜ਼ੋਰੀਆਂ ਨੂੰ ਹੋਰ ਵੀ ਉਜਾਗਰ ਕੀਤਾ ਹੈ। ਵਧਦਾ ਤਾਪਮਾਨ, ਅਨਿਯਮਿਤ ਬਾਰਿਸ਼ ਅਤੇ ਮਹੱਤਵਪੂਰਨ ਵਿਕਾਸ ਪੜਾਵਾਂ ਦੌਰਾਨ ਗਰਮੀ ਦਾ ਤਣਾਅ ਖੇਤੀਬਾੜੀ ਉਪਜ ਨੂੰ ਵੱਧ ਤੋਂ ਵੱਧ ਅਣਕਿਆਸੀ ਬਣਾ ਰਿਹਾ ਹੈ। ਵਾਰ-ਵਾਰ ਸਖ਼ਤ ਮੌਸਮੀ ਘਟਨਾਵਾਂ ਇਕ ਜਾਂ ਦੋ ਪ੍ਰਮੁੱਖ ਫ਼ਸਲਾਂ 'ਤੇ ਨਿਰਭਰਤਾ ਦੀ ਕਮਜ਼ੋਰੀ ਨੂੰ ਉਜਾਗਰ ਕਰਦੀ ਹੈ। ਇਸ ਦੇ ਜਵਾਬ ਵਜੋਂ ਖੇਤੀ ਭਿੰਨਤਾ ਲਾਜ਼ਮੀ ਬਦਲ ਬਣਦੀ ਹੈ। ਫ਼ਸਲ ਕਾਸ਼ਤਕਾਰੀ ਦਾ ਦਾਇਰਾ ਵਧਾ ਕੇ ਕਿਸਾਨ ਜੋਖ਼ਮ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਤਬਦੀਲ ਕਰ ਸਕਦੇ ਹਨ ਅਤੇ ਜਲਵਾਯੂ ਅਨਿਸ਼ਚਿਤਤਾ ਦੇ ਵਿਰੁੱਧ ਉਸਾਰੂ ਢੰਗਾਂ ਨੂੰ ਵਧਾ ਸਕਦੇ ਹਨ।

ਹਾਲੀਆ ਰੁਝਾਨ ਇਸ ਉਤਪਾਦਨ ਲੋੜ ਨੂੰ ਹੋਰ ਮਜ਼ਬੂਤ ਕਰਦੇ ਹਨ। ਬਹੁਤੇ ਖੇਤਰਾਂ ਵਿੱਚ ਝੋਨੇ-ਕਣਕ ਭਾਰੂ ਰਹਿਣ ਕਾਰਨ ਰਕਬੇ ਅਤੇ ਉਤਪਾਦਕਤਾ ਦੋਵਾਂ ਵਿੱਚ ਵਾਧਾ ਮੱਧਮ ਹੋਇਆ ਹੈ। ਇਸ ਦੇ ਉਲਟ ਬਾਗਬਾਨੀ ਖੇਤਰ ਵਿੱਚ ਉਤਸ਼ਾਹਜਨਕ ਵਾਧਾ ਦੇਖਣ ਨੂੰ ਮਿਲਿਆ ਹੈ। ਫ਼ਲਾਂ ਤੇ ਸਬਜ਼ੀਆਂ ਹੇਠਲਾ ਰਕਬਾ ਕਾਫ਼ੀ ਵਧਿਆ ਹੈ, ਜਿਸ ਨਾਲ ਉਤਪਾਦਨ ਵਿੱਚ ਮਹੱਤਵਪੂਰਨ ਵਾਧਾ ਹੋਇਆ ਹੈ। ਕਿੰਨੂ, ਅਮਰੂਦ, ਅੰਬ, ਨਾਸ਼ਪਾਤੀ, ਆਲੂ, ਪਿਆਜ਼, ਟਮਾਟਰ, ਮਟਰ ਤੇ ਹੋਰ ਸਬਜ਼ੀਆਂ ਵਰਗੀਆਂ ਫ਼ਸਲਾਂ ਦਰਸਾਉਂਦੀਆਂ ਹਨ ਕਿ ਭਿੰਨਤਾ ਆਰਥਿਕ ਤੌਰ 'ਤੇ ਲਾਭਦਾਇਕ ਤੇ ਵਾਤਾਵਰਨ ਲਈ ਲਾਭਕਾਰੀ ਹੋ ਸਕਦੀ ਹੈ। ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਫ਼ਸਲਾਂ ਨੂੰ ਵੱਧ ਆਮਦਨ ਦੇ ਬਾਵਜੂਦ ਝੋਨੇ ਨਾਲੋਂ ਘੱਟ ਪਾਣੀ ਦੀ ਲੋੜ ਹੁੰਦੀ ਹੈ।

ਦਾਲਾਂ ਤੇ ਤੇਲ ਬੀਜਾਂ ਨੂੰ ਫ਼ਸਲੀ ਚੱਕਰ ਵਿੱਚ ਜੋੜਨ ਨਾਲ ਵਾਤਾਵਰਨ ਸੰਤੁਲਨ ਮੁੜ ਬਹਾਲ ਕੀਤਾ ਜਾ ਸਕਦਾ ਹੈ। ਦਾਲਾਂ ਜੈਵਿਕ ਨਾਈਟ੍ਰੋਜਨ ਨਿਰਧਾਰਨ ਦੁਆਰਾ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵਧਾਉਂਦੀਆਂ ਹਨ ਅਤੇ ਕੀੜਿਆਂ ਤੇ ਬਿਮਾਰੀ ਦੇ ਚੱਕਰ ਨੂੰ ਤੋੜਨ ਵਿੱਚ ਮਦਦ ਕਰਦੀਆਂ ਹਨ। ਮੂੰਗੀ, ਮਾਂਹ, ਛੋਲੇ, ਸਰ੍ਹੋਂ, ਸੂਰਜਮੁਖੀ, ਕਪਾਹ, ਬਾਸਮਤੀ ਅਤੇ ਮੱਕੀ ਵਰਗੀਆਂ ਫ਼ਸਲਾਂ ਪੰਜਾਬ ਦੀਆਂ ਖੇਤੀਬਾੜੀ-ਜਲਵਾਯੂ ਸਥਿਤੀਆਂ ਦੇ ਅਨੁਕੂਲ ਹਨ ਕਿਉਂਕਿ ਇਨ੍ਹਾਂ ਨੂੰ ਸਿੰਜਾਈ ਦੀ ਲੋੜ ਘੱਟ ਹੁੰਦੀ ਹੈ। ਬਾਗਬਾਨੀ ਤੇ ਸਬਜ਼ੀਆਂ ਦੀ ਕਾਸ਼ਤ ਵਿੱਚ ਵਾਧਾ ਨਾ ਸਿਰਫ਼ ਖੇਤੀ ਆਮਦਨ ਨੂੰ ਮਜ਼ਬੂਤ ਕਰਦਾ ਹੈ ਤੇ ਰੁਜ਼ਗਾਰ ਪੈਦਾ ਕਰਦਾ ਹੈ, ਸਗੋਂ ਫਲਾਂ ਤੇ ਸਬਜ਼ੀਆਂ ਦੁਆਰਾ ਪੌਸ਼ਣ ਸੁਰੱਖਿਆ ਦਾ ਵੀ ਸਮਰੱਥਨ ਕਰਦਾ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਅਤੇ ਰਜ ਦਾ ਪਸਾਰ ਢਾਂਚਾ ਇਸ ਤਬਦੀਲੀ ਨੂੰ ਸੁਚਾਰੂ ਬਣਾਉਣ ਲਈ ਸੁਧਰੀਆਂ ਕਿਸਮਾਂ ਅਤੇ ਸਰੋਤ-ਪੱਖੀ ਤਕਨਾਲੋਜੀਆਂ ਦਾ ਵਿਕਾਸ ਅਤੇ ਪ੍ਰਸਾਰ ਲਗਾਤਾਰ ਕਰ ਰਿਹਾ ਹੈ। ਸਿੱਧੀ ਬਿਜਾਈ ਵਾਲਾ ਝੋਨਾ, ਤੁਪਕਾ ਸਿੰਜਾਈ ਅਤੇ ਸ਼ੁੱਧ ਪੌਸ਼ਟਿਕ ਪ੍ਰਬੰਧਨ ਵਰਗੀਆਂ ਨਵੀਨ ਵਿਧੀਆਂ ਕਿਸਾਨਾਂ ਨੂੰ ਪਾਣੀ ਅਤੇ ਖੇਤੀ ਲਾਗਤਾਂ ਦੀ ਸੁਯੋਗ ਵਰਤੋਂ ਕਰਨ ਲਈ ਤਿਆਰ ਕਰਦੀਆਂ ਹਨ। ਬਿਹਤਰ ਕੀਮਤ ਪ੍ਰਾਪਤੀ ਨੂੰ ਯਕੀਨੀ ਬਣਾਉਣ ਲਈ ਕਿਸਾਨ ਉਤਪਾਦਕ ਸੰਗਠਨਾਂ ਅਤੇ ਸਹਿਕਾਰੀ ਮਾਰਕੀਟਿੰਗ ਢਾਂਚੇ ਨੂੰ ਮਜ਼ਬੂਤ ਕਰਨਾ ਬਰਾਬਰ ਦਾ ਮਹੱਤਵਪੂਰਨ ਹੈ।

ਇਹ ਤਬਦੀਲੀ ਕਣਕ-ਝੋਨੇ ਨੂੰ ਤਿਆਗ ਕੇ ਰਾਸ਼ਟਰੀ ਭੋਜਨ ਸੁਰੱਖਿਆ ਨੂੰ ਨਜ਼ਰਅੰਦਾਜ਼ ਕਰਨ ਦੀ ਨਹੀਂ ਹੈ। ਇਸ ਦੀ ਥਾਂ ਇਹ ਮੁੱਦਾ ਖੇਤੀ ਦੇ ਸੰਤੁਲਨ ਲਈ ਨਵੀਂ ਰਣਨੀਤਕ ਪਹੁੰਚ ਦਾ ਹੈ। ਝੋਨੇ 'ਤੇ ਨਿਰਭਰਤਾ ਨੂੰ ਘਟਾਉਣਾ, ਪਾਣੀ ਦੀ ਸੁਚੱਜੀ ਵਰਤੋਂ ਦੇ ਤਰੀਕਿਆਂ ਨੂੰ ਅਪਣਾਉਣਾ ਅਤੇ ਜਿੱਥੇ ਸੰਭਵ ਹੋਵੇ ਬਦਲਦੀਆਂ ਫ਼ਸਲਾਂ ਦੀ ਕਾਸ਼ਤ ਕਰਨਾ ਖੇਤੀ ਭਿੰਨਤਾ ਦੇ ਅਹਿਮ ਪੜਾਅ ਹਨ। ਜੇ ਇਹ ਬਦਲਾਅ ਲਗਾਤਾਰ ਅਭਿਆਸ ਦਾ ਹਿੱਸਾ ਬਣਨ ਤਾਂ ਅਰਥਪੂਰਨ ਤਬਦੀਲੀ ਲਿਆ ਸਕਦੇ ਹਨ।

ਇਸ ਤਰ੍ਹਾਂ ਖੇਤੀ ਭਿੰਨਤਾ ਅਪਨਾ ਕੇ ਅਸੀਂ ਫ਼ਸਲਾਂ ਦੀ ਕਾਸ਼ਤ ਤੋਂ ਵੱਧ ਆਪਣੀ ਕੁਦਰਤੀ ਵਿਰਾਸਤ ਦੀ ਰੱਖਿਆ ਕਰ ਸਕਦੇ ਹਾਂ, ਖੇਤੀ ਆਮਦਨ ਨੂੰ ਮਜ਼ਬੂਤ ਕਰ ਸਕਦੇ ਹਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਲਚਕੀਲਾ ਤੇ ਖੁਸ਼ਹਾਲ ਭਵਿੱਖ ਸੁਰੱਖਿਅਤ ਕਰ ਸਕਦੇ ਹਾਂ।



> ਦਾਲਾਂ ਤੇ ਤੇਲ ਬੀਜਾਂ ਨੂੰ ਫ਼ਸਲੀ ਚੱਕਰ ਵਿੱਚ ਜੋੜਨ ਨਾਲ ਵਾਤਾਵਰਨ ਸੰਤੁਲਨ ਮੁੜ ਬਹਾਲ ਕੀਤਾ ਜਾ ਸਕਦਾ ਹੈ। ਦਾਲਾਂ ਜੈਵਿਕ ਨਾਈਟ੍ਰੋਜਨ ਨਿਰਧਾਰਨ ਦੁਆਰਾ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵਧਾਉਂਦੀਆਂ ਹਨ ਅਤੇ ਕੀੜਿਆਂ ਤੇ ਬਿਮਾਰੀ ਦੇ ਚੱਕਰ ਨੂੰ ਤੋੜਨ ਵਿੱਚ ਮਦਦ ਕਰਦੀਆਂ ਹਨ।

ਮੱਖਣ ਸਿੰਘ ਭੁੱਲਰ
ਨਿਰਦੇਸ਼ਕ ਪਸਾਰ ਸਿੱਖਿਆ,
ਪੀ. ਏ. ਯੂ., ਲੁਧਿਆਣਾ



ਵਿਵੇਕ ਕੁਮਾਰ ਅਤੇ ਫਤਿਹਜੀਤ ਸਿੰਘ ਸੇਖੋਂ,
ਕ੍ਰਿਸ਼ੀ ਵਿਗਿਆਨ ਕੇਂਦਰ, ਸ੍ਰੀ ਮੁਕਤਸਰ ਸਾਹਿਬ
ਮੋਬਾਇਲ : 98556-03629

ਮਿੱਟੀ ਦੀ ਸਿਹਤ ਅਤੇ ਫ਼ਸਲਾਂ ਦਾ ਝਾੜ ਵਧਾਓ

ਹਰੀ ਖਾਦ ਵਾਲੀਆਂ ਫ਼ਸਲਾਂ ਉਗਾਓ

ਮਿੱਟੀ ਵਿੱਚ ਜੈਵਿਕ ਮਾਦਾ ਵਧਾਉਣ ਲਈ ਜੈਵਿਕ ਖਾਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਜੈਵਿਕ ਖਾਦਾਂ ਵਿੱਚੋਂ, ਆਮ ਤੌਰ 'ਤੇ ਰੂੜ੍ਹੀ ਤੇ ਖਦ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ, ਗੰਡੋਆ ਖਾਦ, ਪਰਾਲੀ ਤੋਂ ਬਣੀ ਫਾਸਫੋਕੰਪੋਸਟ, ਪਰਾਲੀ ਦਾ ਖੇਤੀ ਵਿੱਚ ਪ੍ਰਬੰਧਨ ਜਾਂ ਫ਼ਲੀਦਾਰ ਫ਼ਸਲ ਨੂੰ ਫ਼ਸਲੀ ਚੱਕਰ ਵਿੱਚ ਸ਼ਾਮਿਲ ਕਰਕੇ ਉਸਦਾ ਟਾਂਗਰ ਖੇਤ ਵਿੱਚ ਵਾਹੁਣ ਨਾਲ ਵੀ ਜੈਵਿਕ ਮਾਦਾ ਵਧਾਇਆ ਜਾ ਸਕਦਾ ਹੈ।

ਹਰੀ ਖਾਦ ਵਾਲੀ ਫ਼ਸਲ ਬੀਜ ਕੇ ਖੇਤ ਵਿੱਚ ਵਾਹੁਣਾ ਬਹੁਤ ਲਾਹੇਵੰਦ ਰਹਿੰਦਾ ਹੈ ਕਿਉਂਕਿ ਇਸ ਦੀ ਵਰਤੋਂ ਨਾਲ ਜ਼ਮੀਨ ਵਿੱਚ ਜੈਵਿਕ ਮਾਦਾ ਵੱਧਦਾ ਹੈ, ਜਿਸ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਵਿੱਚ ਸੁਧਾਰ ਹੁੰਦਾ ਹੈ।

ਹਰੀ ਖਾਦ ਲਈ ਫ਼ਸਲ ਅਤੇ ਕਿਸਮਾਂ ਦੀ ਚੋਣ

ਹਰੀ ਖਾਦ ਵਾਲੀ ਫ਼ਸਲ ਛੇਤੀ ਵਧਣ ਵਾਲੀ ਅਤੇ ਵਧੇਰੇ ਜੈਵਿਕ ਮਾਦਾ ਪੈਦਾ ਕਰਨ ਵਾਲੀ ਹੋਣੀ ਚਾਹੀਦੀ ਹੈ। ਇਹਨਾਂ ਫ਼ਸਲਾਂ ਦੀਆਂ ਜੜ੍ਹਾਂ ਦੀ ਬਣਤਰ ਅਜਿਹੀ ਹੋਣੀ ਚਾਹੀਦੀ ਹੈ ਕਿ ਇਹ ਮਿੱਟੀ ਵਿੱਚ ਡੂੰਘੇ ਚਲੇ ਗਏ ਖੁਰਾਕੀ ਤੱਤਾਂ ਨੂੰ ਇਹ ਉਪਰਲੀ ਪਰਤ ਵਿੱਚ ਲਿਆ ਸਕਣ। ਇਸਦੇ ਲਈ ਫ਼ਲੀਦਾਰ ਫ਼ਸਲਾਂ ਜਿਵੇਂ ਕਿ ਜੰਤਰ/ਢੈਂਚਾ, ਸਣ ਅਤੇ ਰਵਾਂਹ ਆਦਿ ਨੂੰ ਤਰਜੀਹ ਦੇਣੀ ਚਾਹੀਦੀ ਹੈ। ਹਰੀ ਖਾਦ ਲਈ ਫ਼ਸਲ ਦੀ ਚੋਣ ਕਰਦੇ ਸਮੇਂ ਇਸ ਗੱਲ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਢੈਂਚਾ ਤੇਜ਼ਾਬੀ ਜਾਂ ਕਲਰਾਠੀਆਂ ਜ਼ਮੀਨਾਂ ਨੂੰ ਕੁੱਝ ਹੱਦ ਤੱਕ ਬਰਦਾਸ਼ਤ ਕਰ ਸਕਦਾ ਹੈ ਅਤੇ ਸਣ ਕਈ ਤਰ੍ਹਾਂ ਦੀਆਂ ਮਾੜੀਆਂ ਹਾਲਤਾਂ ਜਿਵੇਂ ਕਿ ਸੌਕਾ, ਖਾਰੀਆਂ ਅਤੇ ਤੇਜ਼ਾਬੀ ਹਾਲਤਾਂ ਨੂੰ ਸਹਿਣ ਦੀ ਸਮਰੱਥਾ ਰੱਖਦੀ ਹੈ। ਹਰੀ ਖਾਦ ਵਾਲੀਆਂ ਫ਼ਸਲਾਂ ਦੀਆਂ ਜੜ੍ਹਾਂ ਵਿੱਚ ਗੰਢਾਂ ਹੁੰਦੀਆਂ ਹਨ ਜੋ ਕਿ ਹਵਾ ਵਿਚਲੀ ਨਾਈਟ੍ਰੋਜਨ ਨੂੰ ਜ਼ਮੀਨ ਵਿੱਚ ਜਮ੍ਹਾਂ ਕਰਨ ਦੀ ਸਮਰੱਥਾ ਰੱਖਦੀਆਂ ਹਨ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਹਰੀ ਖਾਦ ਲਈ ਜੰਤਰ ਦੀ ਪੰਜਾਬ ਢੈਂਚਾ 1, ਸਣ ਦੀ ਪੀ ਏ ਯੂ 1691 ਤੇ ਨਰਿੰਦਰ ਸਨਈ-1 ਅਤੇ ਰਵਾਂਹ ਲਈ ਸੀ ਐਲ 367 ਤੇ ਰਵਾਂਹ 88 ਕਿਸਮਾਂ ਦੀ ਸਿਫ਼ਾਰਿਸ਼ ਕੀਤੀ ਗਈ ਹੈ।



ਹਰੀ ਖਾਦ ਦੀ ਕਾਸ਼ਤ ਦੇ ਢੰਗ

ਹਰੀ ਖਾਦ ਲਈ ਕਣਕ ਜਾਂ ਹੋਰ ਫ਼ਸਲ ਵੱਢਣ ਤੋਂ ਬਾਅਦ ਖੇਤ ਨੂੰ ਪਾਣੀ ਲਾ ਦੇਣਾ ਚਾਹੀਦਾ ਹੈ। ਖੇਤ ਵੱਤਰ ਆਉਣ ਤੇ 20 ਕਿਲੋ ਢੈਂਚੇ ਦਾ ਬੀਜ, ਜਿਹੜਾ ਕਿ 8 ਘੰਟੇ ਪਾਣੀ ਵਿੱਚ ਭਿੱਜਾ ਰਿਹਾ ਹੋਵੇ, ਜਾਂ 20 ਕਿਲੋ ਸਣ ਦਾ ਬੀਜ ਜਾਂ 12 ਕਿਲੋ ਰਵਾਂਹ ਦਾ ਬੀਜ (ਜੇਕਰ ਬੀਜ ਮੋਟਾ ਹੋਵੇ ਤਾਂ 20 ਕਿਲੋ ਬੀਜ) ਪ੍ਰਤੀ ਏਕੜ ਦੇ ਹਿਸਾਬ ਨਾਲ ਬੀਜ ਦੇਣਾ ਚਾਹੀਦਾ ਹੈ। ਫਾਸਫੋਰਸ ਦੀ ਘਾਟ ਵਾਲੇ ਖੇਤਾਂ ਵਿੱਚ ਹਰੀ ਖਾਦ ਤੋਂ ਚੰਗਾ ਲਾਹਾ ਲੈਣ ਲਈ ਸਿੰਗਲ ਸੁਪਰਫਾਸਫੇਟ ਨੂੰ 75 ਕਿਲੋਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ ਹਰੀ ਖਾਦ ਦੀ ਬਿਜਾਈ ਵੇਲੇ ਖੇਤ ਵਿੱਚ ਪਾ ਦੇਣਾ ਚਾਹੀਦਾ ਹੈ। ਇਸ ਤੋਂ ਬੀਜੀ ਜਾਣ ਵਾਲੀ ਝੋਨੇ ਦੀ ਫ਼ਸਲ ਨੂੰ ਇਹ ਫਾਸਫੋਰਸ ਵਾਲੀ ਖਾਦ ਪਾਉਣ ਦੀ ਲੋੜ ਨਹੀਂ ਪੈਂਦੀ। ਹਰੀ ਖਾਦ ਵਾਲੀ ਫ਼ਸਲ ਨੂੰ ਤਕਰੀਬਨ 3-4 ਪਾਣੀਆਂ ਦੀ ਲੋੜ ਪੈਂਦੀ ਹੈ ਅਤੇ ਤਕਰੀਬਨ 6-8 ਹਫਤਿਆਂ ਵਿੱਚ, ਜਦੋਂ ਫ਼ਸਲ ਫੁੱਲਾਂ ਤੇ ਆਉਂਦੀ ਹੈ, ਤਿਆਰ ਹੋ ਜਾਂਦੀ ਹੈ। ਝੋਨਾ ਲਾਉਣ ਤੋਂ ਇੱਕ ਦਿਨ ਪਹਿਲਾਂ, ਮੱਕੀ ਬੀਜਣ ਤੋਂ 10 ਦਿਨ ਪਹਿਲਾਂ ਅਤੇ ਸੋਇਆਬੀਨ ਦੀ ਬਿਜਾਈ ਤੋਂ 5 ਤੋਂ 7 ਦਿਨ ਪਹਿਲਾਂ ਹਰੀ ਖਾਦ ਦੀ ਫ਼ਸਲ ਰੈਂਟਾਵੇਟਰ ਜਾਂ ਤਵੀਆਂ ਨਾਲ ਵਾਹ ਦੇਣੀ ਚਾਹੀਦੀ ਹੈ। ਇਸ ਤਰ੍ਹਾਂ ਦਬਾਈ ਗਈ ਹਰੀ ਖਾਦ ਹੌਲੀ-ਹੌਲੀ ਗਲਦੀ ਰਹਿੰਦੀ ਹੈ ਅਤੇ ਫ਼ਸਲ ਨੂੰ ਤੱਤ ਮਿਲਦੇ ਰਹਿੰਦੇ ਹਨ।

ਹਰੀ ਖਾਦ ਦੇ ਲਾਭ

★ ਹਰੀ ਖਾਦ ਨੂੰ ਮਿੱਟੀ ਵਿੱਚ ਵਾਹੁਣ ਨਾਲ ਜ਼ਮੀਨ ਵਿੱਚ ਜੈਵਿਕ ਮਾਦੇ ਵਿੱਚ ਵਾਧਾ ਹੁੰਦਾ ਹੈ। ਜੈਵਿਕ ਮਾਦਾ ਗਲ ਸੜ ਕੇ ਮਿੱਟੀ ਵਿੱਚ ਜੈਵਿਕ ਕਾਰਬਨ ਵਧਾਉਂਦਾ ਹੈ ਅਤੇ ਖੁਰਾਕੀ ਤੱਤਾਂ ਨੂੰ ਸਹੀ ਅਨੁਪਾਤ ਮੁਹੱਈਆ ਕਰਵਾਉਂਦਾ ਹੈ।

★ ਹਰੀ ਖਾਦ ਪਾਉਣ ਨਾਲ ਫ਼ਸਲਾਂ ਵਿੱਚ ਰਸਾਇਨਿਕ ਖਾਦਾਂ ਦੀ ਵਰਤੋਂ ਘਟਾਈ ਜਾ ਸਕਦੀ ਹੈ। ਜਿੱਥੇ ਸਣ ਹਰੀ ਖਾਦ ਦੇ ਤੌਰ ਤੇ ਦਬਾਈ ਹੋਵੇ, ਉੱਥੇ ਬਾਸਮਤੀ ਦੀ ਸਿੱਧੀ ਬਿਜਾਈ ਵਿੱਚ ਯੂਰੀਏ ਦੀ ਮਿਕਦਾਰ 54 ਕਿਲੋ ਤੋਂ ਘਟਾ ਕੇ 18 ਕਿਲੋ ਪ੍ਰਤੀ ਏਕੜ ਅਤੇ ਝੋਨੇ ਦੀ ਸਿੱਧੀ ਬਿਜਾਈ ਵਿੱਚ ਯੂਰੀਏ ਦੀ ਮਿਕਦਾਰ 130 ਕਿਲੋ ਤੋਂ ਘਟਾ ਕੇ 90 ਕਿਲੋ ਪ੍ਰਤੀ ਏਕੜ ਕੀਤੀ ਜਾ ਸਕਦੀ ਹੈ। ਇਸੇ ਤਰ੍ਹਾਂ, ਹਰੀ ਖਾਦ ਦੀ ਵਰਤੋਂ ਤੋਂ ਬਾਅਦ ਕੱਦੂ ਕਰਕੇ ਬਾਸਮਤੀ ਦੀ ਲੁਆਈ ਵਿੱਚ ਨਾਈਟ੍ਰੋਜਨ ਖਾਦ ਪਾਉਣ ਦੀ ਲੋੜ ਨਹੀਂ ਰਹਿੰਦੀ ਅਤੇ ਝੋਨੇ ਵਿੱਚ 55 ਕਿਲੋ ਯੂਰੀਆ ਦੀ ਪ੍ਰਤੀ ਏਕੜ ਬੱਚਤ ਕੀਤੀ ਜਾ ਸਕਦੀ ਹੈ।

★ ਝੋਨੇ ਤੋਂ ਪਹਿਲਾਂ ਢੈਂਚੇ ਦੀ ਹਰੀ ਖਾਦ ਨਾਲ ਫ਼ਸਲ ਵਿੱਚ ਲੋਹੇ ਦੀ ਘਾਟ ਦੀ ਪੂਰਤੀ ਹੁੰਦੀ ਹੈ ਜਿਸ ਨਾਲ ਲੋਹੇ ਦੀ ਘਾਟ ਕਰਕੇ ਹੋਣ ਵਾਲੇ ਨੁਕਸਾਨ ਤੋਂ ਬਚਾਅ ਹੁੰਦਾ ਹੈ।

★ ਫ਼ਲੀਦਾਰ ਫ਼ਸਲਾਂ ਦੀਆਂ ਜੜ੍ਹਾਂ ਵਿੱਚ ਗੰਢਾਂ ਹੁੰਦੀਆਂ ਹਨ ਜਿਨ੍ਹਾਂ ਰਾਹੀਂ ਹਵਾ ਵਿਚਲੀ ਨਾਈਟ੍ਰੋਜਨ ਜ਼ਮੀਨ ਵਿੱਚ ਜਮ੍ਹਾਂ ਹੁੰਦੀ ਰਹਿੰਦੀ ਹੈ। ਸੋ ਫ਼ਲੀਦਾਰ ਫ਼ਸਲਾਂ ਦੀਆਂ ਜੜ੍ਹਾਂ ਗਲ ਸੜ ਕੇ ਜ਼ਮੀਨ ਵਿੱਚ ਨਾਈਟ੍ਰੋਜਨ ਤੱਤ ਦੇ ਭੰਡਾਰ ਨੂੰ ਵਧਾਉਂਦੀਆਂ ਹਨ।

★ ਭਾਰੀਆਂ ਜ਼ਮੀਨਾਂ ਵਿੱਚ ਹਰੀ ਖਦ ਮਿਲਾਉਣ ਨਾਲ ਮੱਲੜ ਦੀ ਮਾਤਰਾ ਵੱਧਣ ਕਰਕੇ ਭੂਮੀ ਵਿੱਚ ਨਮੀਂ ਅਤੇ ਹਵਾ ਅਨੁਪਾਤ ਸੁਧਰਦਾ ਹੈ ਅਤੇ ਫ਼ਸਲਾਂ ਦੀਆਂ ਜੜ੍ਹਾਂ ਚੰਗੀ ਤਰ੍ਹਾਂ ਵਧਦੀਆਂ ਫੁੱਲਦੀਆਂ ਹਨ। ਇਸੇ ਤਰ੍ਹਾਂ, ਹਲਕੀਆਂ/ਰੇਤਲੀਆਂ ਜ਼ਮੀਨਾਂ ਵਿੱਚ ਹਰੀ ਖਾਦ ਕਰਨ ਨਾਲ ਮੱਲੜ ਦੀ ਮਾਤਰਾ ਵੱਧਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਅਤੇ ਜ਼ਮੀਨ ਦੀ ਪਾਣੀ ਸਾਂਭ ਕੇ ਰੱਖਣ ਦੀ ਸ਼ਕਤੀ ਵਧਦੀ ਹੈ, ਜਿਸ ਕਰਕੇ ਫ਼ਸਲਾਂ ਦਾ ਝਾੜ ਵੱਧ ਜਾਂਦਾ ਹੈ।

★ ਕਲਰਾਠੀ ਜ਼ਮੀਨ ਦਾ ਸੁਧਾਰ ਕਰਨ ਲਈ ਵੀ ਹਰੀ ਖਾਦ ਦੀ ਵਰਤੋਂ ਕਰਨੀ ਬਹੁਤ ਉਪਯੋਗੀ ਹੈ ਕਿਉਂਕਿ ਜਦੋਂ ਹਰੀ ਖਾਦ ਦਾ ਜੈਵਿਕ ਮਾਦਾ ਜ਼ਮੀਨ ਵਿੱਚ ਗਲ ਸੜ ਕੇ ਖਾਰੇ ਅੰਸ਼ ਨੂੰ ਘਟਾਉਂਦਾ ਹੈ ਅਤੇ ਕਲਰਾਠੀ ਜ਼ਮੀਨ ਦਾ ਸੁਧਾਰ ਹੋ ਜਾਂਦਾ ਹੈ।

★ ਹਰੀ ਖਾਦ ਨਦੀਨਾਂ ਨੂੰ ਘਟਾਉਣ ਵਿੱਚ ਵੀ ਮਦਦ ਕਰਦੀ ਹੈ ਕਿਉਂਕਿ ਹਰੀ ਖਾਦ ਵਾਲੀ ਫ਼ਸਲ ਬਹੁਤ ਜਲਦੀ ਵਧਦੀ ਹੈ ਅਤੇ ਇਹ ਨਦੀਨਾਂ ਉੱਪਰ ਕਾਬੂ ਪਾ ਲੈਂਦੀ ਹੈ। ਜੇ ਨਦੀਨ ਉੱਗ ਆਉਂਦੇ ਹਨ ਉਹ ਬੀਜ ਬਣਨ ਤੋਂ ਪਹਿਲਾਂ ਹੀ ਹਰੀ ਖਾਦ ਨਾਲ ਦੱਬੇ ਜਾਂਦੇ ਹਨ।



No. 1
RURAL WEEKLY

Now Think Before Advertising
KHETI DUNIYAN RETAINS
LEADERSHIP
IN
READERSHIP



KHETI DUNIYAN
VOICE OF THE FARMERS

KD COMPLEX, GAUSHALA ROAD, NEAR SHER-E-PUNJAB MARKET, PATIALA-147001 (PB.) INDIA
Mob. 90410-14575
khetiduniyan1983@gmail.com



ਡਿਜ਼ਿਟਲ ਅਰੈਸਟ ਠੱਗੀ – ਜਾਗਰੂਕਤਾ ਹੀ ਬਚਾਅ ਹੈ

ਡਿਜ਼ਿਟਲ ਧੋਖਾਧੜੀ ਉਹ ਅਪਰਾਧ ਹੈ ਜਿਸ ਵਿੱਚ ਇੰਟਰਨੈੱਟ, ਕੰਪਿਊਟਰ, ਮੋਬਾਇਲ ਫੋਨ ਜਾਂ ਹੋਰ ਡਿਜ਼ੀਟਲ ਤਕਨਾਲੋਜੀ ਦੀ ਵਰਤੋਂ ਕਰਕੇ ਲੋਕਾਂ ਨਾਲ ਧੋਖਾ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਤੋਂ ਪੇਸ਼, ਨਿੱਜੀ ਜਾਣਕਾਰੀ ਜਾਂ ਹਰ ਕੀਮਤੀ ਡਾਟਾ ਹਾਸਲ ਕੀਤਾ ਜਾਂਦਾ ਹੈ। ਅੱਜ ਦੇ ਡਿਜ਼ੀਟਲ ਯੁੱਗ ਵਿੱਚ ਜਿਵੇਂ-ਜਿਵੇਂ ਲੋਕ ਆਨਲਾਈਨ ਬੈਂਕਿੰਗ, ਸ਼ਾਪਿੰਗ ਅਤੇ ਸੋਸ਼ਲ ਮੀਡੀਆ ਦੀ ਵਰਤੋਂ ਵਧਾ ਰਹੇ ਹਨ, ਉਸ ਤਰ੍ਹਾਂ ਸਾਇਬਰ ਅਪਰਾਧ ਵੀ ਤੇਜ਼ੀ ਨਾਲ ਵਧ ਰਹੇ ਹਨ।

ਇਸ ਤੋਂ ਬਚਣ ਲਈ ਲੋਕਾਂ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ, ਅਣਜਾਣ ਲਿੰਕਾਂ 'ਤੇ ਕਲਿੱਕ ਨਹੀਂ ਕਰਨਾ ਚਾਹੀਦਾ, ਆਪਣੀ ਬੈਂਕਿੰਗ ਜਾਣਕਾਰੀ ਕਿਸ ਨਾਲ ਸਾਂਝੀ ਨਹੀਂ ਕਰਨੀ ਚਾਹੀਦੀ ਅਤੇ ਸੁਰੱਖਿਅਤ ਪਾਸਵਰਡ ਵਰਤਣੇ ਚਾਹੀਦੇ ਹਨ



। ਸਾਇਬਰ ਸੁਰੱਖਿਆ ਬਾਰੇ ਜਾਣਕਾਰੀ ਅਤੇ ਜਾਗਰੂਕਤਾ ਹੀ ਸਾਇਬਰ ਧੋਖਾਧੜੀ ਤੋਂ ਬਚਾਅ ਦਾ ਸਭ ਤੋਂ ਵਧੀਆ ਤਰੀਕਾ ਹੈ।

ਡਿਜ਼ਿਟਲ ਅਰੈਸਟ ਅੱਜਕੱਲ ਬਹੁਤ ਹੀ ਆਮ ਅਤੇ ਖ਼ਤਰਨਾਕ ਸਾਇਬਰ ਠੱਗੀ ਬਣ ਗਈ ਹੈ। ਅਸਲ ਵਿੱਚ ਭਾਰਤ ਵਿੱਚ ਡਿਜ਼ਿਟਲ ਅਰੈਸਟ ਨਾਮ ਦੀ ਕੋਈ ਕਾਨੂੰਨੀ ਪ੍ਰਕਿਰਿਆ ਨਹੀਂ ਹੁੰਦੀ। ਪੁਲਿਸ ਜਾਂ ਕੋਈ ਵੀ ਸਰਕਾਰੀ ਏਜੰਸੀ ਕਿਸੇ ਵਿਅਕਤੀ ਨੂੰ ਵੀਡੀਓ ਕਾਲ, ਵਟਸਅਪ ਜਾਂ ਸਕਾਈਪ ਰਾਹੀਂ ਅਰੈਸਟ ਨਹੀਂ ਕਰ ਸਕਦੀ ਅਤੇ ਨਾ ਹੀ ਫੋਨ 'ਤੇ ਪੈਸੇ ਦੀ ਮੰਗ ਕਰਦੀ ਹੈ। ਪਰ ਠੱਗ ਲੋਕਾਂ ਨੂੰ ਡਰਾ ਕੇ ਕਹਿੰਦੇ ਹਨ ਕਿ ਜੇ ਤੁਸੀਂ ਤੁਰੰਤ ਜੁਰਮਾਨਾ ਜਾਂ ਸੁਰੱਖਿਆ ਰਕਮ ਨਾ ਭਰੀ ਤਾਂ ਤੁਹਾਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ। ਡਰ ਦੇ ਮਾਹੌਲ ਵਿੱਚ ਕਈ ਲੋਕ UPI ਜਾਂ ਬੈਂਕ ਟ੍ਰਾਂਸਫਰ ਰਾਹੀਂ ਪੈਸੇ ਭੇਜ ਦਿੰਦੇ ਹਨ, ਜਿਸ ਨਾਲ ਉਹ ਵੱਡੇ ਆਰਥਿਕ ਨੁਕਸਾਨ ਦਾ ਸ਼ਿਕਾਰ ਹੋ ਜਾਂਦੇ ਹਨ।

ਡਿਜ਼ਿਟਲ ਅਰੈਸਟ ਸਕੈਮ ਬਾਰੇ ਜਾਣਕਾਰੀ :

★ ਠੱਗ ਆਪਣੇ ਆਪ ਨੂੰ ਪੁਲਿਸ, CBI ਜਾਂ ਕਸਟਮ ਅਧਿਕਾਰੀ ਬਣਾ ਕੇ ਕਾਲ ਕਰਦੇ ਹਨ ਅਤੇ ਕਈ ਵਾਰ ਨਕਲੀ ਦਫ਼ਤਰ ਦੀ ਪਿੱਠਭੂਮੀ ਦਿਖਾ ਕੇ ਡਰ ਦਾ ਮਾਹੌਲ ਬਣਾਉਂਦੇ ਹਨ।

★ ਉਹ ਝੂਠਾ ਦਾਅਵਾ ਕਰਦੇ ਹਨ ਕਿ ਤੁਸੀਂ ਕਿਸ ਗੈਰਕਾਨੂੰਨੀ ਗਤੀਵਿਧੀ (ਜਿਵੇਂ ਕਿ ਡਰੱਗਸ, ਸਮੱਗਲਿੰਗ ਜਾਂ ਫੰਡ) ਵਿੱਚ ਸ਼ਾਮਲ ਹੈ ਅਤੇ ਤੁਰੰਤ ''ਡਿਜ਼ਿਟਲ ਅਰੈਸਟ'' ਦੀ ਧਮਕੀ ਦਿੰਦੇ ਹਨ।

★ ਉਹ ਮਾਮਲਾ ''ਸੁਲਝਾਉਣ'' ਲਈ ਜੁਰਮਾਨਾ ਜਾਂ ''ਸਿਕਿਉਰਿਟੀ ਡਿਪਾਜ਼ਿਟ'' ਦੇ ਨਾਂ 'ਤੇ ਪੈਸੇ ਮੰਗਦੇ ਹਨ, ਆਮ ਤੌਰ 'ਤੇ UPI ਜਾਂ ਬੈਂਕ ਟ੍ਰਾਂਸਫਰ ਰਾਹੀਂ।

ਡਿਜ਼ਿਟਲ ਅਰੈਸਟ ਸਕੈਮ ਨੂੰ ਪਹਿਚਾਨਣ ਵਾਲੇ ਸੰਕੇਤ :

★ ਗੱਲ ਨੂੰ ਗੁਪਤ ਰੱਖਣ ਲਈ ਕਹਿਣਾ।

★ ਲਗਾਤਾਰ ਵੀਡੀਓ ਕਾਲ 'ਤੇ ਰੱਖਣਾ।

★ ਡਰ ਪੈਦਾ ਕਰਨਾ।

★ ਕੋਈ ਵੀ ਸਰਕਾਰੀ ਲਿਖਤੀ ਨੋਟਿਸ ਨਾ ਦੇਣਾ।

ਡਿਜ਼ਿਟਲ ਅਰੈਸਟ ਤੋਂ ਬਚਣ ਦੇ ਤਰੀਕੇ :

★ **ਪੈਸੇ ਨਾ ਭੇਜੋ** : ਤੁਰੰਤ ਕਾਲ ਕੱਟ ਦਿਓ।

★ **ਸ਼ਿਕਾਇਤ ਕਰ** : ਨੈਸ਼ਨਲ ਸਾਇਬਰ ਕ੍ਰਾਈਮ ਹੈਲਪਲਾਈਨ 1930 'ਤੇ ਕਾਲ ਕਰੋ ਜਾਂ cybercrime.gov.in 'ਤੇ ਰਿਪੋਰਟ ਕਰੋ।

★ **ਡਰੋ ਨਾ** : ਕੋਈ ਵੀ ਸਰਕਾਰੀ ਏਜੰਸੀ ਕਿਉਂਕਿ ਪੁਲਿਸ ਜਾਂ ਆਰ ਬੀ ਆਈ ਕਦੇ ਵੀ ਵੀਡੀਓ ਕਾਲ ਰਾਹੀਂ ਡਿਜ਼ੀਟਲ ਅਰੈਸਟ ਨਹੀਂ ਕਰਦੀ ਅਤੇ ਨਾ ਹੀ ਪੈਸਿਆਂ ਦੀ ਮੰਗ ਕਰਦੀ ਹੈ।

★ **ਸੱਚਾਈ ਦੀ ਜਾਂਚ ਕਰੋ** : ਸੰਬੰਧਿਤ ਵਿਭਾਗ ਨਾਲ ਉਨ੍ਹਾਂ ਦੇ ਅਧਿਕਾਰਕ ਨੰਬਰ ਜਾਂ ਵੈਬਸਾਈਟ ਰਾਹੀਂ ਸੰਪਰਕ ਕਰੋ।

ਹਰਪਿੰਦਰ ਕੌਰ ਅਤੇ ਸ਼ਰਨਬੀਰ ਕੌਰ, ਸੋਤ ਪ੍ਰਬੰਧ ਅਤੇ ਖਪਤਕਾਰ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 98159-81397)

ਆਵਾਰਾ ਕੁੱਤਿਆਂ ਦੀ ਸਮੱਸਿਆ ਸਖਤੀ ਅਤੇ ਤਰਸ ਦੋਵੇਂ ਜ਼ਰੂਰੀ

ਵਿਪਿਨ ਪੱਬੀ

ਸੁਪਰੀਮ ਕੋਰਟ ਫਿਲਹਾਲ ਆਵਾਰਾ ਕੁੱਤਿਆਂ ਦੇ ਮੁੱਦੇ 'ਤੇ ਕਈ ਪਟੀਸ਼ਨਾਂ 'ਤੇ ਸੁਣਵਾਈ ਕਰ ਰਹੀ ਹੈ। ਜਿੱਥੇ ਇੱਕ ਪਾਸੇ ਪਟੀਸ਼ਨਾਂ ਆਵਾਰਾ ਕੁੱਤਿਆਂ ਦੇਖਤਰੇ ਨਾਲ ਨਜਿੱਠਣ ਲਈ ਅਧਿਕਾਰੀਆਂ ਵੱਲੋਂ ਸਖਤ ਕਾਰਵਾਈ ਦੀ ਮੰਗ ਕਰ ਰਹੀਆਂ ਹਨ, ਉੱਥੇ ਦੂਜੇ ਪਾਸੇ ਪਟੀਸ਼ਨਾਂ ਜਾਨਵਰਾਂ ਦੇ ਅਧਿਕਾਰਾਂ ਦੇ ਪੱਖ ਵਿੱਚ ਹਨ।



ਇਹ ਇੱਕ ਸਾਲ ਵਿੱਚ ਚੌਥੀ ਵਾਰ ਹੈ, ਜਦੋਂ ਸੁਪਰੀਮ ਕੋਰਟ ਇਸ ਮਾਮਲੇ 'ਤੇ ਵਿਚਾਰ ਕਰ ਰਹੀ ਹੈ। ਪਿਛਲੇ ਸਾਲ ਕੋਰਟ ਦੇ ਇੱਕ ਡਵੀਜ਼ਨ ਬੈਂਚ ਨੇ ਦਿੱਲੀ ਸਰਕਾਰ ਨੂੰ ਨਗਰ ਨਿਗਮ ਖੇਤਰਾਂ ਵਿੱਚ ਸਾਰੇ ਆਵਾਰਾ ਕੁੱਤਿਆਂ ਨੂੰ ਹਟਾਉਣ ਅਤੇ ਉਨ੍ਹਾਂ ਨੂੰ ਇਨਸਾਨੀ ਬਸਤੀਆਂ ਤੋਂ ਦੂਰ ਡੌਗ ਸ਼ੈਲਟਰ ਵਿੱਚ ਭੇਜਣ ਦਾ ਹੁਕਮ ਦੇ ਕੇ ਹਲਚਲ ਮਚਾ ਦਿੱਤੀ ਸੀ। ਕਾਫੀ ਹੰਗਾਮੇ ਤੋਂ ਬਾਅਦ, ਸੁਪਰੀਮ ਕੋਰਟ ਦੇ ਇੱਕ ਦੂਜੇ ਬੈਂਚ ਨੇ ਇਸ ਹੁਕਮ 'ਤੇ ਰੋਕ ਲੱਗਾ ਦਿੱਤੀ ਅਤੇ ਕਿਹਾ ਕਿ ਕੋਰਟ ਦੇ ਪਿਛਲੇ ਹੁਕਮ ਨੂੰ ਲਾਗੂ ਕਰਨਾ ਸੰਭਵ ਨਹੀਂ ਹੈ। ਇਸ ਤੋਂ ਬਾਅਦ ਇੱਕ ਬੈਂਚ ਨੇ ਫੈਸਲੇ ਨੂੰ ਪਲਟ ਦਿੱਤਾ ਅਤੇ ਸਿੱਖਿਆ ਸੰਸਥਾਵਾਂ, ਖੇਡ ਕੰਪਲੈਕਸਾਂ, ਹਸਪਤਾਲਾਂ ਅਤੇ ਬਾਜ਼ਾਰਾਂ ਵਰਗੀਆਂ ਜਨਤਕ ਥਾਵਾਂ ਤੋਂ ਸਾਰੇ ਆਵਾਰਾ ਕੁੱਤਿਆਂ ਨੂੰ ਹਟਾਉਣ ਦਾ ਹੁਕਮ ਦਿੱਤਾ।

ਤਾਜ਼ਾ ਸੁਣਵਾਈ ਜੋ ਕੋਰਟ ਨੇ ਖ਼ੁਦ ਸ਼ੁਰੂ ਕੀਤੀ ਸੀ, ਕਈ ਦਿਨਾਂ ਤੋਂ ਚੱਲ ਰਹੀ ਹੈ ਅਤੇ ਕੁੱਝ ਹੋਰ ਦਿਨਾਂ ਤੱਕ ਜਾਰੀ ਰਹਿਣ ਦੀ ਸੰਭਾਵਨਾ ਹੈ। ਬਿਨਾਂ ਸ਼ੱਕ ਇਹ ਇੱਕ ਗੰਭੀਰ ਮੁੱਦਾ ਹੈ ਅਤੇ ਅਧਿਕਾਰੀ ਇੱਕ ਵਿਵਹਾਰਕ ਅਤੇ ਪ੍ਰਭਾਵੀ ਹੱਲ ਲੱਭਣ ਵਿੱਚ ਅਸਫਲ ਰਹੇ ਹਨ।

ਨੈਸ਼ਨਲ ਸੈਂਟਰ ਫਾਰ ਡਿਜ਼ੀਜ਼ ਕੰਟਰੋਲ (ਐੱਨ. ਸੀ. ਜੀ. ਸੀ.) ਨੇ ਆਪਣੀ ਨਵੀਨਤਮ ਰਿਪੋਰਟ ਵਿੱਚ ਕਿਹਾ ਸੀ ਕਿ 2024 ਵਿੱਚ ਕੁੱਤਿਆਂ ਦੇ ਵੱਢਣ ਦੇ ਕੁੱਲ ਮਾਮਲੇ 37,17,336 ਸਨ, ਜਦੋਂਕਿ 'ਸ਼ੱਕੀ ਮਾਨਵ ਰੈਬੀਜ਼ ਨਾਲ ਹੋਣ ਵਾਲੀਆਂ ਮੌਤਾਂ ਦੀ ਕੁੱਲ ਗਿਣਤੀ 54 ਸੀ। ਇਨ੍ਹਾਂ ਵਿੱਚ ਪਾਲਤੂ ਕੁੱਤਿਆਂ ਦੇਕੱਟਣ ਦੇ ਮਾਮਲੇ ਵੀ ਸ਼ਾਮਲ ਹਨ ਪਰ ਅਜਿਹੇ ਮਾਮਲੇ ਬਹੁਤ ਘੱਟ ਹਨ। ਇਹ ਇੱਕ ਸੱਚਾਈ ਹੈ ਕਿ ਬਹੁਤ ਸਾਰੇ ਲੋਕ, ਖ਼ਾਸ ਕਰ ਕੇ ਬਜ਼ੁਰਗ, ਕੁੱਤਿਆਂ ਦੇ ਝੁੰਡ ਵੱਲੋਂ ਹਮਲਾ ਕੀਤੇ ਜਾਣ ਦੇ ਡਰ ਨਾਲ ਟਹਿਲਣ ਲਈ ਬਾਹਰ ਜਾਣ ਤੋਂ ਝਿਜਕਦੇ ਹਨ। ਅਜਿਹੇ ਹਮਲਿਆਂ ਦੀ ਗਿਣਤੀ, ਖ਼ਾਸ ਕਰ ਕੇ ਬੱਚਿਆਂ 'ਤੇ, ਪੂਰੇ ਦੇਸ਼ ਵਿੱਚ ਵੱਧ ਰਹੀ ਹੈ।

ਇੱਕ ਪਟੀਸ਼ਨ 'ਤੇ ਜਵਾਬ ਦਿੰਦੇ ਹੋਏ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਰਕਾਰ ਨੂੰ ਆਵਾਰਾ ਕੁੱਤਿਆਂ ਦੇ ਵੱਢਣ ਦੇ ਮਾਮਲਿਆਂ ਦੇ ਪੀੜਤਾਂ ਨੂੰ ਪ੍ਰਤੀ ਵੱਢਣ 10,000 ਰੁਪਏ ਦੀ ਦਰ ਨਾਲ ਮੁਆਵਜ਼ਾ ਦੇਣ ਦਾ ਨਿਰਦੇਸ਼ ਦਿੱਤਾ ਸੀ। ਇਸੇ ਤਰ੍ਹਾਂ ਪਾਲਤੂ ਕੁੱਤਿਆਂ ਦੇ ਮਾਲਕਾਂ ਨੂੰ ਵੀ ਪੀੜਤਾਂ ਨੂੰ ਉਸੇ ਦਰ ਨਾਲ ਮੁਆਵਜ਼ਾ ਦੇਣ ਦਾ ਨਿਰਦੇਸ਼ ਦਿੱਤਾ ਗਿਆ ਸੀ। ਹਾਲਾਂਕਿ ਇਹ ਇੱਕ ਥਕਾਊ ਪ੍ਰਕਿਰਿਆ ਹੈ ਅਤੇ ਹੁਣ ਤੱਕ ਬਹੁਤ ਘੱਟ ਲੋਕਾਂ ਨੇ ਦਾਅਵਾ ਕੀਤਾ ਹੈ।

ਦੂਜੇ ਪਾਸੇ ਕੁੱਤਾ ਪ੍ਰੇਮੀਆਂ ਨੂੰ ਆਵਾਰਾ ਕੁੱਤਿਆਂ ਨੂੰ ਖਾਣ ਦੀਆਂ ਚੀਜ਼ਾਂ ਵੰਡਦੇ ਦੇਖਣਾ ਆਮ ਗੱਲ ਹੈ। ਕੁੱਝ ਲੋਕ ਅਜਿਹਾ ਹਰ ਦਿਨ ਕਰਦੇ ਹਨ ਅਤੇ ਕੁੱਤਿਆਂ ਦੇ ਝੁੰਡ ਉਨ੍ਹਾਂ ਦੇ ਆਉਣ ਦੀ ਉਡੀਕ ਕਰਦੇ ਹਨ। ਸੋਸਾਇਟੀ ਫਾਰ ਪ੍ਰਿਵੈਂਸ਼ਨ ਆਫ ਕ੍ਰਾਇਮਜ਼ ਅਗੇਂਸਟ ਐਨੀਮਲਜ਼, ਜਿਸਦਾ ਗਠਨ ਸਾਬਕਾ ਕੇਂਦਰੀ ਮੰਤਰੀ ਮੇਨਕਾ ਗਾਂਧੀ ਨੇ ਕੀਤਾ ਸੀ, ਜਾਨਵਰਾਂ ਦੇ ਵਿਰੁੱਧ ਅਪਰਾਧਾਂ ਦੇ ਮਾਮਲਿਆਂ ਨੂੰ ਸਰਗਰਮ ਤੌਰ 'ਤੇ ਉਠਾ ਰਹੀ ਹੈ। ਕੁੱਝ ਲੋਕ ਆਵਾਰਾ ਕੁੱਤਿਆਂ ਦੀ ਗਿਣਤੀ ਵਿੱਚ ਤੇਜ਼ੀ ਨਾਲ ਵਾਧਾ ਅਤੇ ਕੁੱਤੇ ਦੇ ਵੱਢਣ ਦੇ ਮਾਮਲਿਆਂ ਲਈ ਉਨ੍ਹਾਂ ਨੂੰ ਅਤੇ ਹੋਰ ਸੰਗਠਨ ਨੂੰ ਵੀ ਦੋਸ਼ੀ ਠਹਿਰਾਉਂਦੇ ਹਨ।

ਐਨੀਮਲ ਬਰਥ ਕੰਟਰੋਲ (ਏ. ਬੀ. ਸੀ.) ਰੂਲ, 2023 ਜਿਸ ਵਿੱਚ ਆਵਾਰਾ ਕੁੱਤਿਆਂ ਦੀ ਬਜਾਏ 'ਕਮਿਊਨਿਟੀ ਐਨੀਮਲਜ਼' ਸ਼ਬਦ ਦੀ ਵਰਤੋਂ ਕੀਤੀ ਗਈ ਹੈ, ਇਨ੍ਹਾਂ ਜਾਨਵਰਾਂ ਨੂੰ ਖਾਣਾ ਖੁਆਉਣ ਦੀ ਵਿਵਸਥਾ ਕਰਦਾ ਹੈ। 'ਇਹ ਰੈਜ਼ੀਡੈਂਟ ਵੈਲਫੇਅਰ ਐਸੋਸੀਏਸ਼ਨ ਜਾਂ ਅਪਾਰਟਮੈਂਟ ਆਨਰਜ਼ ਐਸੋਸੀਏਸ਼ਨ ਜਾਂ ਲੋਕਲ ਬਾਡੀ ਦੇ ਪ੍ਰਤੀਨਿਧੀ ਦੀ ਜ਼ਿੰਮੇਵਾਰੀ ਹੋਵੇਗੀ... ਕਿ ਉਹ ਦਇਆ ਭਾਵ ਨਾਲ ਕਮਿਊਨਿਟੀ ਐਨੀਮਲਜ਼ ਨੂੰ ਖਾਣਾ ਖੁਆਉਣ ਲਈ ਜ਼ਰੂਰੀ ਇੰਤਜ਼ਾਮ ਕਰੇ।'

ਨਿਯਮਾਂ ਵਿੱਚ ਦੱਸਿਆ ਗਿਆ ਹੈ ਕਿ ਖਾਣਾ ਖੁਆਉਣ ਦੀ ਥਾਂ ਪੌੜੀਆਂ, ਬਿਲਡਿੰਗਾਂ ਦੇ ਐਂਟਰੀ ਗੇਟ ਅਤੇ ਬੱਚਿਆਂ ਦੇ ਖੇਡਣ ਦੀ ਥਾਂ ਵਰਗੀਆਂ ਜ਼ਿਆਦਾ ਭੀੜ-ਭੜੱਕੇ ਵਾਲੀਆਂ ਥਾਵਾਂ ਤੋਂ ਦੂਰ ਹੋਣੀਆਂ ਚਾਹੀਦੀਆਂ ਹਨ ਅਤੇ ਕਮਿਊਨਿਟੀ ਕੁੱਤਿਆਂ ਨੂੰ ਤੈਅ ਸਮੇਂ 'ਤੇ ਖਾਣਾ ਖੁਆਇਆ ਜਾਣਾ ਚਾਹੀਦਾ ਹੈ। ਨਿਯਮ ਮੰਨਦੇ ਹਨ ਕਿ ਇਹ ਕੁੱਤੇ ਬਿਨਾਂ ਮਾਲਕ ਵਾਲੇ ਘੁਸਪੈਠੀਏ ਨਹੀਂ ਸਗੋਂ ਇਲਾਕੇ ਦੇ ਜੀਵ ਹਨ, ਜੋ ਆਪਣੇ ਸਥਾਨਕ ਮਾਹੌਲ ਵਿੱਚ ਰਹਿੰਦੇ ਹਨ ਅਤੇ ਉੱਥੇ ਦੇ ਹਨ।

ਜਸਟਿਸ ਵਿਕਰਮ ਨਾਥ, ਸੰਦੀਪ ਮਹਿਤਾ ਅਤੇ ਐੱਨ. ਵੀ. ਅੰਜਾਰੀਆ, ਜੋ ਅਜੇ ਇਸ ਮਾਮਲੇ ਦੀ ਸੁਣਵਾਈ ਕਰ ਰਹੇ ਹਨ, ਨੇ ਕਿਹਾ ਹੈ ਕਿ ਨਗਰ ਨਿਗਮ ਅਧਿਕਾਰੀ ਹੁਣ ਜਵਾਬਦੇਹ ਤੋਂ ਬਚ ਨਹੀਂ ਸਕਦੇ, ਕਿਉਂਕਿ ਐਨੀਮਲ ਬਰਥ ਕੰਟਰੋਲ (ਏ. ਬੀ. ਸੀ.) ਰੂਲਜ਼, 2023 ਦੇ ਤਹਿਤ ਕਾਨੂੰਨੀ ਜ਼ਿੰਮੇਵਾਰੀਆਂ ਦੀ ਪਾਲਣਾ ਕਰਨ ਵਿੱਚ ਉਨ੍ਹਾਂ ਦੀ ਨਾਕਾਮੀ ਨੇ ਸੰਕਟ ਨੂੰ ਹੋਰ ਵਧਾ ਦਿੱਤਾ ਹੈ।

ਬੈਂਚ ਨੇ ਸੰਕੇਤ ਦਿੱਤਾ ਹੈ ਕਿ ਉਹ ਸੂਬਿਆਂ 'ਤੇ 'ਭਾਰੀ ਮੁਆਵਜ਼ਾ' ਲਗਾਏਗਾ ਅਤੇ ਕੁੱਤੇ ਦੇ ਵੱਢਣ ਨਾਲ ਸੱਟ ਲੱਗਣ ਜਾਂ ਮੌਤ ਦੇ ਮਾਮਲਿਆਂ ਵਿੱਚ ਆਵਾਰਾ ਕੁੱਤਿਆਂ ਨੂੰ ਖਾਣਾ ਖੁਆਉਣ ਵਾਲੇ ਵਿਅਕਤੀਆਂ ਦੀ ਵੀ ਜਵਾਬਦੇਹੀ ਤੈਅ ਕਰੇਗਾ। ਕੋਰਟ ਨੇ ਜ਼ੋਰ ਦੇ ਕੇ ਕਿਹਾ ਕਿ ਅਜਿਹੇ ਹਮਲਿਆਂ ਦੇ ਅਕਸਰ 'ਪੂਰੀ ਜ਼ਿੰਦਗੀ' ਤੱਕ ਅਸਰ ਰਹਿੰਦੇ ਹਨ ਅਤੇ ਸਵਾਲ ਕੀਤਾ ਕਿ ਆਵਾਰਾ ਕੁੱਤਿਆਂ ਨੂੰ ਖਾਣਾ ਖੁਆਉਣ ਵਾਲਿਆਂ ਨੂੰ ਜਾਨਵਰਾਂ ਨੂੰ ਆਪਣੇ ਘਰਾਂ ਜਾਂ ਕੰਪਲੈਕਸਾਂ ਵਿੱਚ ਰੱਖ ਕੇ ਜ਼ਿੰਮੇਵਾਰੀ ਕਿਉਂ ਨਹੀਂ ਲੈਣੀ ਚਾਹੀਦੀ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਆਵਾਰਾ ਕੁੱਤਿਆਂ ਦਾ ਮੁੱਦਾ ਇੱਕ ਗੁੰਝਲਦਾਰ ਸਮੱਸਿਆ ਹੈ ਪਰ ਇਸ ਨੂੰ ਪੂਰੀ ਸੰਵੇਦਨਸ਼ੀਲਤਾ ਦੇ ਨਾਲ ਨਜਿੱਠਿਆ ਜਾਣਾ ਚਾਹੀਦਾ ਹੈ। ਜ਼ਾਹਿਰ ਹੈ ਕਿ ਸਰਕਾਰਾਂ ਨੇ ਇਸ ਸਮੱਸਿਆ 'ਤੇ ਗੰਭੀਰਤਾ ਨਾਲ ਧਿਆਨ ਨਹੀਂ ਦਿੱਤਾ। ਆਵਾਰਾ ਕੁੱਤਿਆਂ ਦੀ ਆਬਾਦੀ ਨੂੰ ਕੰਟਰੋਲ ਕਰਨ ਲਈ ਨਸਬੰਦੀ ਦੇ ਜ਼ਰੀਏ ਅੱਧ-ਅਧੂਰੇ ਯਤਨ ਕੀਤੇ ਗਏ ਹਨ ਪਰ ਜ਼ਮੀਨ 'ਤੇ ਇਸ ਦਾ ਕੋਈ ਸਾਫ ਅਸਰ ਨਹੀਂ ਦਿਸ ਰਿਹਾ।



ਸੁਪਰੀਮ ਕੋਰਟ ਨੂੰ ਜਵਾਬਦੇਹੀ ਤੈਅ ਕਰਨੀ ਚਾਹੀਦੀ ਹੈ ਅਤੇ ਆਵਾਰਾ ਕੁੱਤਿਆਂ ਦੀ ਨਸਬੰਦੀ ਕਰ ਕੇ ਸਮੱਸਿਆ ਨਾਲ ਨਜਿੱਠਣ ਲਈ ਜ਼ਿੰਮੇਵਾਰ ਅਧਿਕਾਰੀਆਂ ਵੱਲੋਂ ਚੁੱਕੇ ਗਏ ਕਦਮਾਂ ਦੀ ਬਾਰੀਕੀ ਨਾਲ ਨਿਗਰਾਨੀ ਦੀ ਵਿਵਸਥਾ ਕਰਨੀ ਚਾਹੀਦੀ ਹੈ। ਉਸ ਨੂੰ ਉਨ੍ਹਾਂ ਦੂਜੇ ਦੇਸ਼ਾਂ ਵੱਲੋਂ ਚੁੱਕੇ ਗਏ ਕਦਮਾਂ ਦਾ ਵੀ ਅਧਿਐਨ ਕਰਨਾ ਚਾਹੀਦਾ ਹੈ, ਜਿਨ੍ਹਾਂ ਨੇ ਇਸ ਮੁੱਦੇ ਨੂੰ ਸਫਲਤਾਪੂਰਵਕ ਸੰਭਾਲਿਆ ਹੈ।

ਕਿਸਾਨਾਂ ਲਈ ਵਰਦਾਨ - ਸੈਂਟਰ ਆਫ ਐਕਸਲੈਂਸ ਫਾਰ ਪੋਟੈਟੋ

ਬਾਗਬਾਨੀ ਵਿਭਾਗ ਪੰਜਾਬ ਦਾ ਮਹੱਤਵਪੂਰਨ ਕਦਮ ਹੈ, ਜ਼ਿਲ੍ਹਾ ਜਲੰਧਰ ਦੇ ਪਿੰਡ ਧੋਗੜੀ ਵਿਖੇ ਸਥਾਪਤ ਕੀਤਾ ਗਿਆ ਸੈਂਟਰ ਆਫ ਐਕਸਲੈਂਸ ਫਾਰ ਪੋਟੈਟੋ । ਇਸ ਦਾ ਉਦੇਸ਼ ਆਲੂ ਦੀ ਖੇਤੀ ਵਿੱਚ ਗੁਣਵੱਤਾ ਅਤੇ ਪੈਦਾਵਾਰ ਵਿੱਚ ਵਾਧਾ ਕਰਨਾ ਹੈ...

ਸਮੇਂ ਦੇ ਨਾਲ ਖੇਤੀਬਾੜੀ ਵਿੱਚ ਆ ਰਹੀਆਂ ਨਵੀਆਂ ਚੁਣੌਤੀਆਂ, ਜਿਵੇਂ ਵਧਦੀ ਲਾਗਤ, ਮੌਸਮੀ ਤਬਦੀਲੀਆਂ, ਮਿੱਟੀ ਦੀ ਘਟਦੀ ਉਪਜਾਊ ਸ਼ਕਤੀ ਅਤੇ ਫ਼ਸਲਾਂ ਵਿੱਚ ਵੱਧ ਰਹੇ ਰੋਗ ਕਿਸਾਨਾਂ ਲਈ ਚਿੰਤਾ ਹਨ । ਇਨ੍ਹਾਂ ਚੁਣੌਤੀਆਂ ਦਾ ਮੁਕਾਬਲਾ ਕਰਨ ਲਈ ਪੰਜਾਬ ਸਰਕਾਰ ਅਤੇ ਬਾਗਬਾਨੀ ਵਿਭਾਗ ਵੱਲੋਂ ਨਵੇਂ ਉਪਰਾਲੇ ਕੀਤੇ ਜਾ ਰਹੇ ਹਨ । ਇਨ੍ਹਾਂ ਵਿੱਚੋਂ ਇੱਕ ਮਹੱਤਵਪੂਰਨ ਕਦਮ ਹੈ, ਜ਼ਿਲ੍ਹਾ ਜਲੰਧਰ ਦੇ ਪਿੰਡ ਧੋਗੜੀ ਵਿਖੇ ਸਥਾਪਤ ਕੀਤਾ ਗਿਆ ਸੈਂਟਰ ਆਫ ਐਕਸਲੈਂਸ ਫਾਰ ਪੋਟੈਟੋ । ਇਹ ਸੈਂਟਰ ਬਾਗਬਾਨੀ ਵਿਭਾਗ ਦੀ ਇੱਕ ਅਹਿਮ ਯੋਜਨਾ ਦਾ ਹਿੱਸਾ ਹੈ । ਇਸ ਦਾ ਮੁੱਖ ਉਦੇਸ਼ ਆਲੂ ਦੀ ਖੇਤੀ ਵਿੱਚ ਗੁਣਵੱਤਾ ਅਤੇ ਪੈਦਾਵਾਰ ਵਿੱਚ ਵਾਧਾ ਕਰਨਾ ਹੈ । ਆਲੂ ਪੰਜਾਬ ਦੀ ਨਕਲੀ ਫ਼ਸਲ ਹੈ, ਜਿਸ ਦੀ ਮੰਗ ਦੇਸ਼ ਦੇ ਨਾਲ-ਨਾਲ ਵਿਦੇਸ਼ ਵਿੱਚ ਵੀ ਹੈ । ਇਸ ਲਈ ਉੱਚ ਗੁਣਵੱਤਾ ਵਾਲੇ ਬੀਜ ਅਤੇ ਵਿਗਿਆਨਕ ਤਰੀਕਿਆਂ ਦੀ ਵਰਤੋਂ ਬਹੁਤ ਜ਼ਰੂਰੀ ਹੈ ।

ਵਿਗਿਆਨਕ ਢੰਗ

ਇਹ ਸੈਂਟਰ ਆਲੂ ਦੇ ਬੀਜ ਦੀ ਤਿਆਰੀ ਨੂੰ ਵਿਗਿਆਨਕ ਢੰਗ ਨਾਲ ਅਮਲ ਵਿੱਚ ਲਿਆਉਂਦਾ ਹੈ, ਜਿਸ ਨਾਲ ਕਿਸਾਨਾਂ ਨੂੰ ਰੋਗ-ਮੁਕਤ ਅਤੇ ਪ੍ਰਮਾਣਿਤ ਬੀਜ ਪ੍ਰਾਪਤ ਹੁੰਦਾ ਹੈ । ਇਸ ਨਾਲ ਕਿਸਾਨਾਂ ਦੀ ਪੈਦਾਵਾਰ ਵਿੱਚ ਵਾਧਾ ਹੋ ਰਿਹਾ ਹੈ ਅਤੇ ਆਮਦਨ ਵੱਧ ਰਹੀ ਹੈ । ਸੈਂਟਰ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਇੱਥੇ ਆਲੂ ਦੀਆਂ ਵੱਖ-ਵੱਖ ਉੱਚ ਗੁਣਵੱਤਾ ਵਾਲੀਆਂ ਕਿਸਮਾਂ ਤਿਆਰ ਕੀਤੀਆਂ ਜਾਂਦੀਆਂ ਹਨ । ਇਨ੍ਹਾਂ ਵਿੱਚ ਮੁੱਖ ਤੌਰ 'ਤੇ ਕੁਫਰੀ ਪੁਖਰਾਜ, ਕੁਫਰੀ ਜੋਤੀ, ਕੁਫਰੀ ਹਿਮਾਲਨੀ ਅਤੇ ਕੁਫਰੀ ਮੋਹਨ ਵਰਗੀਆਂ ਕਿਸਮਾਂ ਸ਼ਾਮਲ ਹਨ । ਇਹ ਕਿਸਮਾਂ ਵਧੀਆ ਪੈਦਾਵਾਰ ਅਤੇ ਰੋਗ-ਰੋਕੂ ਸਮਰੱਥਾ ਲਈ ਜਾਣੀਆਂ ਜਾਂਦੀਆਂ ਹਨ । ਇਹ ਬੀਜ ਸਟੇਜ ਫਾਊਂਡੇਸ਼ਨ-1, ਫਾਊਂਡੇਸ਼ਨ-2 ਅਤੇ ਜਨਰੇਸ਼ਨ-3 ਦੇ ਆਧਾਰ 'ਤੇ ਤਿਆਰ ਕੀਤੇ ਜਾਂਦੇ ਹਨ । ਇਸ ਪ੍ਰਕਿਰਿਆ ਨਾਲ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਕਿਸਾਨਾਂ ਤੱਕ ਸਿਰਫ ਉੱਚ ਮਿਆਰੀ ਅਤੇ ਪ੍ਰਮਾਣਿਤ ਬੀਜ ਹੀ ਪਹੁੰਚੇ ।

ਗੁਣਵੱਤਾ ਵਾਲੇ ਬੀਜ

ਐਰੋਪੋਨਿਕ ਵਿਧੀ ਉਹ ਖੇਤੀ ਪ੍ਰਣਾਲੀ ਹੈ, ਜਿਸ ਵਿੱਚ ਪੌਦੇ ਮਿੱਟੀ ਵਿੱਚ ਨਹੀਂ ਲਗਾਏ ਜਾਂਦੇ,



ਸਗੋਂ ਪੌਦੇ ਦੀਆਂ ਜੜ੍ਹਾਂ ਹਵਾ ਵਿੱਚ ਨੰਗੀਆਂ ਰਹਿੰਦੀਆਂ ਹਨ ਅਤੇ ਉਨ੍ਹਾਂ 'ਤੇ ਪੋਸ਼ਕ ਤੱਤਾਂ ਵਾਲਾ ਪਾਣੀ ਧੁੰਦ ਵਜੋਂ ਛਿੜਕਿਆ ਜਾਂਦਾ ਹੈ । ਸੈਂਟਰ ਦੇ ਕਾਰਜਸ਼ੀਲ ਹੋਣ ਨਾਲ ਕਿਸਾਨਾਂ ਨੂੰ ਕਈ ਤਰ੍ਹਾਂ ਦੇ ਲਾਭ ਮਿਲ ਰਹੇ ਹਨ । ਉੱਚ ਗੁਣਵੱਤਾ ਵਾਲਾ ਬੀਜ ਸਥਾਨਕ ਪੱਧਰ 'ਤੇ ਉਪਲੱਬਧ ਹੋ ਰਹੇ ਹਨ । ਰੋਗ-ਮੁਕਤ ਬੀਜ ਨਾਲ ਵੱਧ ਪੈਦਾਵਾਰ, ਖੇਤੀ



ਲਾਗਤ ਵਿੱਚ ਕਮੀ, ਆਮਦਨ ਵਿੱਚ ਵਾਧਾ, ਨਵੀਆਂ ਤਕਨੀਕਾਂ ਬਾਰੇ ਜਾਣਕਾਰੀ ਤੇ ਤਜ਼ਰਬੇ ਵੀ ਮਿਲ ਰਹੇ ਹਨ । ਹੁਣ ਕਿਸਾਨਾਂ ਨੂੰ ਬਾਹਰਲੇ ਰਾਜਾਂ ਤੋਂ ਮਹਿੰਗਾ ਬੀਜ ਖਰੀਦਣ ਦੀ ਲੋੜ ਨਹੀਂ ਰਹੀ । ਸੈਂਟਰ ਦੇ ਅਧਿਕਾਰੀ ਡਾ. ਦਮਨਦੀਪ ਸਿੰਘ ਨੇ ਦੱਸਿਆ ਕਿ ਇਸ ਸੈਂਟਰ ਦਾ ਮੁੱਖ ਉਦੇਸ਼ ਕਿਸਾਨਾਂ ਨੂੰ ਪ੍ਰਮਾਣਿਤ ਅਤੇ ਰੋਗ-ਮੁਕਤ ਬੀਜ ਮੁਹੱਈਆ ਕਰਵਾਉਣਾ ਹੈ । ਜੇ ਕਿਸਾਨ ਸਹੀ ਬੀਜ ਤੇ ਵਿਗਿਆਨਕ ਤਰੀਕਿਆਂ ਦੀ ਵਰਤੋਂ ਕਰਨ ਤਾਂ ਉਹ ਘੱਟ ਲਾਗਤ ਵਿੱਚ ਵੱਧ ਪੈਦਾਵਾਰ ਹਾਸਲ ਕਰ ਸਕਦੇ ਹਨ । ਸੈਂਟਰ ਵੱਲੋਂ ਕਿਸਾਨਾਂ ਲਈ ਸਮੇਂ-ਸਮੇਂ 'ਤੇ ਟ੍ਰੇਨਿੰਗ ਪ੍ਰੋਗਰਾਮ ਅਤੇ ਜਾਗਰੂਕਤਾ ਕੈਂਪ ਲਗਾਏ ਜਾਂਦੇ ਹਨ । ਆਧੁਨਿਕ ਤਕਨੀਕਾਂ ਨਾਲ ਖੇਤੀ ਕਰਨ ਦੀ ਪ੍ਰੇਰਣਾ ਮਿਲਣ ਕਾਰਨ ਨੌਜਵਾਨ ਵੀ ਇਸ ਖੇਤਰ ਵਿੱਚ ਆਪਣਾ ਭਵਿੱਖ ਦੇਖ ਰਹੇ ਹਨ ।

ਟ੍ਰੇਨਿੰਗ ਕੈਂਪ ਤੇ ਸੈਮੀਨਾਰ

ਸੈਂਟਰ ਆਫ ਐਕਸਲੈਂਸ ਫਾਰ ਪੋਟੈਟੋ ਸਿਰਫ ਬੀਜ ਉਤਪਾਦਨ ਤੱਕ ਹੀ ਸੀਮਿਤ ਨਹੀਂ, ਸਗੋਂ ਕਿਸਾਨਾਂ ਵਿੱਚ ਜਾਗਰੂਕਤਾ ਪੈਦਾ ਕਰਨ ਅਤੇ ਉਨ੍ਹਾਂ ਨੂੰ ਆਧੁਨਿਕ ਖੇਤੀਬਾੜੀ ਨਾਲ ਜੋੜਨ ਵਿੱਚ ਵੀ ਅਹਿਮ ਭੂਮਿਕਾ ਨਿਭਾਅ ਰਿਹਾ ਹੈ । ਸਮੇਂ-ਸਮੇਂ 'ਤੇ ਇੱਥੇ ਕਿਸਾਨਾਂ ਲਈ ਸੈਮੀਨਾਰ ਅਤੇ ਟ੍ਰੇਨਿੰਗ ਕੈਂਪ ਲਗਾਏ ਜਾਂਦੇ ਹਨ । ਇਨ੍ਹਾਂ ਵਿੱਚ ਖੇਤੀਬਾੜੀ ਮਾਹਰ ਕਿਸਾਨਾਂ ਨੂੰ ਨਵੀਆਂ ਤਕਨੀਕਾਂ, ਰੋਗਾਂ ਤੋਂ ਬਚਾਅ, ਖਾਦਾਂ ਦੀ ਸਹੀ ਵਰਤੋਂ ਤੇ ਵਧੀਆ ਪੈਦਾਵਾਰ ਦੇ ਤਰੀਕਿਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦੇ ਹਨ । ਇਹ ਉਪਰਾਲਾ ਕਿਸਾਨਾਂ ਵਿੱਚ ਆਤਮ-ਵਿਸ਼ਵਾਸ ਵਧਾਉਣ ਦੇ ਨਾਲ-ਨਾਲ ਉਨ੍ਹਾਂ ਨੂੰ ਨਵੀਆਂ ਸੋਚਾਂ ਅਪਣਾਉਣ ਲਈ ਪ੍ਰੇਰਿਤ ਕਰ ਰਿਹਾ ਹੈ । ਇਸ ਤਰ੍ਹਾਂ ਦੇ ਉਪਰਾਲੇ ਪੰਜਾਬ ਦੀ ਖੇਤੀਬਾੜੀ ਨੂੰ ਮਜ਼ਬੂਤ ਕਰਨ ਦੇ ਨਾਲ-ਨਾਲ ਕਿਸਾਨਾਂ ਦੀ ਆਰਥਿਕ ਹਾਲਤ ਨੂੰ ਵੀ ਮਜ਼ਬੂਤ ਬਣਾਉਣ ਵਿੱਚ ਅਹਿਮ ਯੋਗਦਾਨ ਪਾ ਰਹੇ ਹਨ । ਭਵਿੱਖ ਵਿੱਚ ਇਸ ਸੈਂਟਰ ਤੋਂ ਹੋਰ ਵੀ ਵਧੀਆ ਨਤੀਜੇ ਮਿਲਣ ਦੀ ਪੂਰੀ ਉਮੀਦ ਹੈ ।

ਕਿਸਾਨਾਂ ਲਈ ਬਣਿਆ ਰਾਹ ਦਸੇਰਾ

ਸੈਂਟਰ ਵਿੱਚ ਆਧੁਨਿਕ ਖੇਤੀ ਤਕਨੀਕਾਂ ਦਾ ਵੱਡੇ ਪੱਧਰ 'ਤੇ ਇਸਤੇਮਾਲ ਕੀਤਾ ਜਾਂਦਾ ਹੈ । ਟਿਸ਼ੂ ਕਲਚਰ, ਮਿੰਨੀ ਟਿਊਬਰ ਤਕਨੀਕ ਤੇ ਨਿਯੰਤਰਤ ਵਾਤਾਵਰਣ ਵਿੱਚ ਬੀਜ ਉਤਪਾਦਨ ਵਰਗੀਆਂ ਵਿਧੀਆਂ ਨਾਲ ਬੀਜ ਦੀ ਗੁਣਵੱਤਾ ਵਿੱਚ ਸੁਧਾਰ ਕੀਤਾ ਜਾਂਦਾ ਹੈ । ਮਿੱਟੀ ਦੀ ਜਾਂਚ ਖਾਦਾਂ ਦੀ ਸੰਤੁਲਿਤ ਵਰਤੋਂ ਤੇ ਰੋਗਾਂ ਦੀ ਪਹਿਲਾਂ ਪਛਾਣ ਲਈ ਵਿਗਿਆਨਕ ਤਰੀਕੇ ਅਪਣਾਏ ਜਾਂਦੇ ਹਨ । ਇਸ ਨਾਲ ਕਿਸਾਨਾਂ ਨੂੰ ਸਹੀ ਮਾਰਗ-ਦਰਸ਼ਨ ਮਿਲਦਾ ਹੈ ।

ਮਦਨ ਬੰਗੜ, ਮੋ. 950 15-75511

ਪੰਜਾਬ ਸੱਭਿਆਚਾਰ, ਸ਼ੌਕ ਤੇ ਰੰਗਾਂ ਦਾ ਨਿਵੇਕਲਾ ਰੰਗ

ਹੋਰਸ ਫ਼ਰੈਂਡਲੀ ਰਾਈਡ ਮੇਲਾ

ਪੰਜਾਬ ਦੀ ਧਰਤੀ ਹਮੇਸ਼ਾ ਹੀ ਆਪਣੇ ਰਵਾਇਤੀ ਸਭਿਆਚਾਰ, ਖੇਡਾਂ ਅਤੇ ਲੋਕਾਂ ਦੇ ਸ਼ੌਕਾਂ ਲਈ ਮਸ਼ਹੂਰ ਰਹੀ ਹੈ । ਸਾਡੇ ਸਭਿਆਚਾਰ ਵਿੱਚ ਘੋੜਿਆਂ ਦਾ ਵਿਸ਼ੇਸ਼ ਸਥਾਨ ਰਿਹਾ ਹੈ । ਇਸ ਵਾਰ, ਪੰਜਾਬ ਵਿੱਚ ਪਹਿਲੀ ਵਾਰ ਦੋਰਾਹਾ ਤੋਂ ਸੰਨੀ ਅਤੇ ਜਗਰਾਓਂ ਤੋਂ ਜਸਪ੍ਰੀਤ ਵਲੋਂ ਘੁੜਸਵਾਰੀ ਦਾ ਮੇਲਾ ਕੀਤਾ, ਜੋ ਕਿ ਹਰ ਬੰਦੇ ਦੀ ਖਿੱਚ ਦਾ ਕਾਰਨ ਬਣਿਆ । ਇਸ ਬਾਰੇ ਸੰਨੀ ਨੇ ਕਿਹਾ, ''ਮੈਂ ਇੱਕ ਛੋਟਾ ਜਿਹਾ ਸੰਦੇਸ਼ ਪਾਇਆ ਸੀ ਜਿਸ ਦੇ ਜਵਾਬ ਵਿੱਚ 52 ਘੋੜੇ ਆਏ । ਅਸੀਂ ਸਾਰਿਆਂ ਨੇ ਰਲ ਕੇ ਦੋਸਤਾਨਾ ਘੁੜਦੌੜ ਕੀਤੀ, ਜਿਸ ਨੇ ਘੋੜਿਆਂ ਦੇ ਸ਼ੌਕੀਨਾਂ ਨੂੰ ਇਕੱਠਾ ਕਰ ਕੇ ਇੱਕ ਵਿਲੱਖਣ ਸਮਾਗਮ ਦੀ ਰਚਨਾ ਕੀਤੀ । ਇਹ ਘੁੜਦੌੜ ਨਾ ਸਿਰਫ਼ ਘੋੜਿਆਂ ਦੀ ਦੌੜ ਅਤੇ ਸਵਾਰਾਂ ਦੀ ਕਲਾ ਦਾ ਪ੍ਰਦਰਸ਼ਨ ਸੀ, ਬਲਕਿ ਪੰਜਾਬੀ ਸੱਭਿਆਚਾਰ ਦੀ ਰੂਹ ਨੂੰ ਵੀ ਜਗਾਉਣ ਵਾਲਾ ਮੌਕਾ ਬਣਿਆ । ਇਸ ਸਮਾਗਮ ਵਿੱਚ ਸੈਂਕੜੇ ਘੋੜੇ ਅਤੇ ਉਨ੍ਹਾਂ ਦੇ ਸਵਾਰ ਸ਼ਾਮਲ ਹੋਏ । ਹਰ ਸਵਾਰ ਆਪਣੇ ਘੋੜੇ ਦੀ ਸ਼ਾਨ, ਤਾਕਤ ਅਤੇ ਸੁੰਦਰਤਾ ਨੂੰ ਦਰਸਾਉਂਦਾ ਨਜ਼ਰ ਆਇਆ । ਦਰਸ਼ਕਾਂ ਲਈ ਇਹ ਦੌੜ ਇੱਕ ਤਿਉਹਾਰ ਵਾਂਗ ਸੀ, ਜਿੱਥੇ ਉਨ੍ਹਾਂ ਨੇ ਘੋੜਿਆਂ ਦੀ ਦੌੜ, ਉਨ੍ਹਾਂ ਦੀ ਚਾਲ ਅਤੇ ਸਵਾਰਾਂ ਦੀ ਕਲਾ ਦਾ ਆਨੰਦ ਲਿਆ । ਮਾਹੌਲ ਵਿੱਚ ਰੰਗਾਂ ਦੀ ਵਰਖਾ ਸੀ, ਲੋਕਾਂ ਦੇ ਚਿਹਰਿਆਂ 'ਤੇ ਖੁਸ਼ੀ, ਘੋੜਿਆਂ ਦੀ ਦੌੜ ਦੀ ਗੂੰਜ ਅਤੇ ਪੰਜਾਬੀ ਧੁਨਾਂ ਦੀ ਰੌਣਕ । ਦੋਸਤਾਨਾ ਘੁੜ ਸਵਾਰੀ ਦਾ ਸਭ ਤੋਂ ਵੱਡਾ ਯੋਗਦਾਨ ਇਹ ਸੀ ਕਿ ਇਸ ਨੇ ਪੰਜਾਬੀ ਸਭਿਆਚਾਰ ਨੂੰ ਨਵੀਂ ਪੀੜ੍ਹੀ ਨਾਲ ਜੋੜਿਆ । ਅੱਜ ਦੇ ਯੁੱਗ ਵਿੱਚ ਜਿੱਥੇ ਨੌਜਵਾਨ ਜ਼ਿਆਦਾਤਰ ਆਧੁਨਿਕ ਖੇਡਾਂ ਅਤੇ ਮਨੋਰੰਜਨ ਵੱਲ ਖਿੱਚੇ ਜਾਂਦੇ ਹਨ, ਉਥੇ ਇਸ ਦੌੜ ਨੇ ਉਨ੍ਹਾਂ ਨੂੰ ਆਪਣੇ ਵਿਰਸੇ ਦੀ ਯਾਦ ਦਿਵਾਈ । ਘੋੜਿਆਂ ਦੀ ਰਵਾਇਤੀ ਮਹੱਤਤਾ, ਜੋ ਕਦੇ ਪੰਜਾਬੀ ਜੀਵਨ ਦਾ ਅਟੁੱਟ ਹਿੱਸਾ ਸੀ, ਇਸ ਘੁੜਦੌੜ ਰਾਹੀਂ ਮੁੜ ਜਿਉਂਦੀ ਹੋਈ ਦਿਖਾਈ ਦਿੱਤੀ । ਇਸ ਘੁੜਦੌੜ ਨੇ ਲੋਕਾਂ ਵਿੱਚ ਏਕਤਾ ਅਤੇ ਭਾਈਚਾਰੇ ਦੀ ਭਾਵਨਾ ਨੂੰ ਵੀ ਮਜ਼ਬੂਤ ਕੀਤਾ । ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਤੋਂ ਆਏ ਲੋਕਾਂ ਨੇ ਇਕੱਠੇ ਹੋ ਕੇ ਇਸ ਸਮਾਗਮ ਦਾ ਆਨੰਦ ਲਿਆ । ਇਹ ਘੁੜਦੌੜ ਸਿਰਫ਼ ਇੱਕ ਖੇਡ ਨਹੀਂ ਸੀ, ਬਲਕਿ ਇੱਕ ਸਮਾਜਕ ਮੇਲਾ ਸੀ, ਜਿੱਥੇ ਲੋਕਾਂ ਨੇ ਆਪਣੀ ਰਵਾਇਤ, ਸ਼ੌਕ ਅਤੇ ਸਭਿਆਚਾਰ ਨੂੰ ਮਨਾਇਆ । ਮੇਲੇ ਵਿੱਚ



ਸ਼ਾਮਿਲ ਹੋਏ ਇੱਕ ਘੋੜਸਵਾਰ ਨੇ ਕਿਹਾ, ''ਘੋੜਾ ਬੜਾ ਸਮਝਦਾਰ ਜਾਨਵਰ ਹੈ ਅਤੇ ਗਰੀਬ ਤੋਂ ਗਰੀਬ ਅਤੇ ਅਮੀਰ ਤੋਂ ਅਮੀਰ ਦਾ ਵੀ ਪੇਟ ਪਾਲਦਾ ਹੈ । ਸਾਰਿਆਂ ਨੇ ਪੂਰੇ ਸ਼ਹਿਰ ਦਾ ਚੱਕਰ ਕਟਿਆ । ਕਿਸੇ ਵੀ ਘੋੜੇ ਨਾਲ ਕੋਈ ਹਾਦਸਾ ਨਹੀਂ ਵਾਪਰਿਆ ।'' ਇੱਕ ਹੋਰ ਘੋੜਾ ਪ੍ਰੇਮੀ ਜਗਜੀਤ ਨੇ ਕਿਹਾ, ''ਮੈਂ ਅਤੇ ਅਰਸ਼ ਦੋਵਾਂ ਨੇ ਸਵਾਰੀ ਕੀਤੀ ਹੈ । ਸਾਰੇ ਘੋੜੇ ਨਾਲ ਲੈ ਕੇ ਆਏ ਸੀ । ਪ੍ਰਬੰਧ ਬਹੁਤ ਵਧੀਆ ਸੀ ਅਤੇ ਇੱਕ ਵੀ ਪੈਸਾ ਨਹੀਂ ਲਿਆ ਗਿਆ ।'' ਇੰਜ ਹੀ ਘੋੜਿਆਂ ਦੇ ਵਪਾਰੀ ਭਾਈ ਨੇ ਕਿਹਾ, ''ਮੇਰੇ ਕੋਲ 10 ਘੋੜੇ ਹਨ । ਅਸੀਂ ਨਸਲ ਅੱਗੇ ਵਧਾਉਣ ਵਾਸਤੇ ਇਨ੍ਹਾਂ ਦਾ ਪ੍ਰਯੋਗ ਕਰਦੇ ਹਾਂ । ਅੱਜ ਮੈਂ ਖ਼ੁਦ ਤਿੰਨ ਸਾਲਾਂ ਬਅਦ ਘੋੜੇ ਤੇ ਸਵਾਰੀ ਕੀਤੀ । ਲੋਕਾਂ ਨੇ ਮਿਲ ਕੇ ਆਪਣੇ ਤਜ਼ਰਬੇ ਵੰਡੇ । ਇਹ ਤਜ਼ਰਬੇ ਸਨੂੰ ਅਉਣ ਵਾਲੇ ਸਮੇਂ ਵਿੱਚ ਬਹੁਤ ਕੰਮ ਅਉਣਗੇ । ਇਸ ਤਰ੍ਹਾਂ ਦੇ ਮੇਲੇ ਪੰਜਾਬ ਵਿੱਚ ਲੱਗਦੇ ਰਹਿਣੇ ਚਾਹੀਦੇ ਹਨ ।'' ਦਰਸ਼ਕਾਂ ਲਈ ਸਭ ਤੋਂ ਖ਼ਾਸ ਪਲ ਉਹ ਸੀ ਜਦੋਂ ਘੋੜੇ ਇਕੱਠੇ ਕਦਮ ਚਾਲ ਕਰਦੇ ਨਜ਼ਰ ਆਏ । ਉਨ੍ਹਾਂ ਦੀ ਤਾਕਤ, ਚਾਲ ਅਤੇ ਸਵਾਰਾਂ ਦੀ ਕਾਬਲੀਅਤ ਨੇ ਸਭ ਨੂੰ ਮੋਹ ਲਿਆ । ਘੁੜਦੌੜ ਦੇ ਅੰਤ ਵਿੱਚ ਲੋਕਾਂ ਦੀਆਂ ਤਾਲੀਆਂ ਅਤੇ ਖੁਸ਼ੀਆਂ ਨੇ ਦਰਸਾਇਆ ਕਿ ਇਹ ਸਮਾਗਮ ਕਿੰਨਾ ਸਫਲ ਰਿਹਾ । ਇੱਕ ਖ਼ਾਸ ਗੱਲ ਇਹ ਵੀ ਸੀ ਕਿ ਪ੍ਰਬੰਧਕਾਂ ਵਲੋਂ ਉਨ੍ਹਾਂ ਮਹਿਲਾ ਘੁੜਸਵਾਰਾਂ ਨੂੰ 1100 ਰੁਪਏ ਸਨਮਾਨ ਵਜੋਂ ਦੇਣ ਦਾ ਵੀ ਐਲਾਨ ਕੀਤਾ ਗਿਆ ਸੀ ਜਿਨ੍ਹਾਂ ਨੇ ਇਸ ਮੇਲੇ ਵਿੱਚ ਸ਼ਿਰਕਤ ਕੀਤੀ । ਪ੍ਰਬੰਧਕਾਂ ਵਲੋਂ ਅਗਲੀ ਵਾਰ ਹੋਰਸ ਫ਼ਰੈਂਡਲੀ ਜੰਗਲ ਰਾਇਡ ਲਗਾਉਣ ਦਾ ਐਲਾਨ ਕੀਤਾ ਗਿਆ ਹੈ । ਦੋਸਤਾਨਾ ਘੁੜ ਸਵਾਰੀ ਨੇ ਪੰਜਾਬ ਵਿੱਚ ਘੋੜਿਆਂ ਦੀ ਰਵਾਇਤੀ ਮਹੱਤਤਾ ਨੂੰ ਮੁੜ ਜਗਾਇਆ ਹੈ । ਇਹ ਦੌੜ ਨਾ ਸਿਰਫ਼ ਘੋੜਿਆਂ ਦੇ ਸ਼ੌਕੀਨਾਂ ਲਈ ਖ਼ਾਸ ਸੀ, ਬਲਕਿ ਪੰਜਾਬੀ ਸਭਿਆਚਾਰ ਅਤੇ ਵਿਰਸੇ ਨੂੰ ਨਵੀਂ ਪੀੜ੍ਹੀ ਨਾਲ ਜੋੜਨ ਵਾਲਾ ਇੱਕ ਮਹੱਤਵਪੂਰਨ ਕਦਮ ਵੀ ਸੀ ।

ਬਾਗਾਂ ਵਿੱਚ ਅੰਤਰ ਫ਼ਸਲਾਂ ਦੀ ਕਾਸ਼ਤ ਦੇ ਫਾਇਦੇ

ਕੁਲਦੀਪ ਸਿੰਘ ਭੁੱਲਰ, ਸਕੂਲ ਆਫ ਆਰਗੈਨਿਕ ਐਂਡ ਨੈਚੁਰਲ ਫਾਰਮਿੰਗ
ਮੋਬਾਇਲ : 94179-15516

ਬਾਗਬਾਨੀ ਫ਼ਸਲਾਂ, ਖ਼ਾਸ ਕਰਕੇ ਫਲਦਾਰ ਰੁੱਖ, ਲੰਬੇ ਸਮੇਂ ਵਿੱਚ ਉਤਪਾਦਨ ਦੇਣ ਲੱਗਦੇ ਹਨ। ਬਾਗ ਲਗਾਉਣ ਤੋਂ ਬਾਅਦ ਪਹਿਲੇ ਕੁੱਝ ਸਾਲਾਂ ਤੱਕ ਕਿਸਾਨ ਨੂੰ ਸਿੱਧੀ ਆਮਦਨ ਘੱਟ ਹੁੰਦੀ ਹੈ, ਜਦਕਿ ਖਰਚਾ ਕਾਫ਼ੀ ਵੱਧ ਹੋ ਜਾਂਦਾ ਹੈ। ਇਸ ਸਮੱਸਿਆ ਦਾ ਹੱਲ ਅੰਤਰ ਕਾਸ਼ਤ (ਇੰਟਰਕਰਾਪਿੰਗ) ਰੂਪ ਵਿੱਚ ਕੀਤਾ ਜਾ ਸਕਦਾ ਹੈ। ਅੰਤਰ ਕਾਸ਼ਤ ਦਾ ਅਰਥ ਹੈ ਕਿ ਇੱਕੋ ਖੇਤਰ ਵਿੱਚ ਮੁੱਖ ਫਲਦਾਰ ਬੂਟਿਆਂ ਦੇ ਨਾਲ-ਨਾਲ ਹੋਰ ਛੋਟੀ ਮਿਆਦ ਵਾਲੀਆਂ ਫ਼ਸਲਾਂ ਜਾਂ ਸਬਜ਼ੀ ਫ਼ਸਲਾਂ ਦੀ ਕਾਸ਼ਤ ਕੀਤੀ ਜਾਵੇ। ਇਸ ਨਾਲ ਨਾ ਸਿਰਫ਼ ਖਾਲੀ ਜਗ੍ਹਾ ਦੀ ਵਰਤੋਂ ਹੁੰਦੀ ਹੈ, ਸਗੋਂ ਕਿਸਾਨ ਨੂੰ ਨਿਯਮਿਤ ਆਮਦਨ ਵੀ ਮਿਲਦੀ ਰਹਿੰਦੀ ਹੈ ਅਤੇ ਸਿਹਤ ਵਿੱਚ ਵੀ ਸੁਧਾਰ ਆਉਂਦਾ ਹੈ।



ਅੰਤਰ ਫ਼ਸਲਾਂ ਦੇ ਮੁੱਖ ਫਾਇਦੇ

1. ਨਵੇਂ ਬਾਗਾਂ ਵਿੱਚ ਰੁੱਖਾਂ ਦੀ ਛਾਂ ਘੱਟ ਹੁੰਦੀ ਹੈ, ਜਿਸ ਨਾਲ ਕਾਫ਼ੀ ਜਗ੍ਹਾ ਖਾਲੀ ਰਹਿੰਦੀ ਹੈ। ਉਸ ਜਗ੍ਹਾ ਤੇ ਅੰਤਰ ਫ਼ਸਲਾਂ ਲਗਾ ਕੇ ਵੱਧ ਉਤਪਾਦਨ ਲਿਆਉਣਾ ਸੰਭਵ ਹੈ।

2. ਮੁੱਖ ਫਲਦਾਰ ਬੂਟੇ ਜਦ ਤੱਕ ਉਤਪਾਦਨ ਨਹੀਂ ਕਰਦੇ, ਉਸ ਸਮੇਂ ਤੱਕ ਅੰਤਰ ਫ਼ਸਲਾਂ ਕਿਸਾਨ ਨੂੰ ਆਮਦਨ ਦਾ ਸਰੋਤ ਪ੍ਰਦਾਨ ਕਰਦੀਆਂ ਹਨ।

3. ਮਿੱਟੀ, ਪਾਣੀ, ਖਾਦਾਂ ਅਤੇ ਕਿਰਤ ਦੀ ਵਰਤੋਂ ਵਧੇਰੇ ਸੁਚੱਜੇ ਢੰਗ ਨਾਲ ਹੁੰਦੀ ਹੈ।

4. ਵੱਖ-ਵੱਖ ਕਿਸਮਾਂ ਦੀਆਂ ਫ਼ਸਲਾਂ ਕਾਰਨ ਮਿੱਟੀ ਵਿੱਚ ਸੂਖਮ ਜੀਵਾਂ ਦੀ ਸੰਖਿਆ ਅਤੇ ਵਿਭਿੰਨਤਾ ਵਧਦੀ ਹੈ। ਖਾਸਕਰ ਦਾਲਾਂ ਵਾਲੀਆਂ ਫ਼ਸਲਾਂ ਨਾਈਟ੍ਰੋਜਨ ਫਿਕਸ ਕਰਦੀਆਂ ਹਨ।

5. ਜੇ ਮੁੱਖ ਫ਼ਸਲ ਕਿਸੇ ਕਾਰਨ ਨੁਕਸਾਨੀ ਹੋ ਜਾਵੇ, ਤਾਂ ਅੰਤਰ ਫ਼ਸਲਾਂ ਨਾਲ ਕਿਸਾਨ ਨੂੰ ਕੁਝ ਲਾਭ ਜ਼ਰੂਰ ਮਿਲਦਾ ਹੈ।

6. ਅੰਤਰ ਫ਼ਸਲਾਂ ਖੇਤ ਨੂੰ ਢੱਕ ਕੇ ਰੱਖਦੀਆਂ ਹਨ, ਜਿਸ ਨਾਲ ਘਾਹ-ਪੱਤੇ ਘੱਟ ਉੱਗਦੇ ਹਨ ਅਤੇ ਨਮੀਂ ਕਾਇਮ ਰਹਿੰਦੀ ਹੈ।

7. ਅੰਤਰ ਫ਼ਸਲਾਂ ਕਾਰਨ ਕਿਸਾਨ ਨੂੰ ਖੇਤ ਵਿੱਚ ਰੋਜ਼ ਜਾਣਾ ਪੈਂਦਾ ਹੈ, ਜਿਸ ਨਾਲ ਮੁੱਖ ਫ਼ਸਲ ਦੀ ਸੰਭਾਲ ਵੀ ਚੰਗੀ ਤਰ੍ਹਾਂ ਹੋ ਜਾਂਦੀ ਹੈ।



ਅੰਤਰੀ ਫ਼ਸਲਾਂ ਦੀ ਚੋਣ ਅਤੇ ਧਿਆਨ ਰੱਖਣ ਯੋਗ ਨੁਕਤੇ : ਅੰਤਰ ਕਾਸ਼ਤ ਵਿੱਚ ਸਫ਼ਲਤਾ ਵੱਡੇ ਹਿੱਸੇ ਤੱਕ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਕਿਸਾਨ ਕਿਹੜੀਆਂ ਫ਼ਸਲਾਂ ਦੀ ਚੋਣ ਕਰਦਾ ਹੈ।

★ ਅੰਤਰ ਫ਼ਸਲਾਂ ਲਾਉਣ ਸਮੇਂ ਧਿਆਨ ਰੱਖਣਾ ਚਾਹੀਦਾ ਹੈ ਕਿ ਉਹ ਕਿਸੇ ਵੀ ਤਰੀਕੇ ਮੁੱਖ ਫ਼ਸਲ ਦੇ ਨਾਲ ਮੁਕਾਬਲਾ ਨਾ ਕਰ ਸਕਣ।

★ ਅੰਤਰ ਫ਼ਸਲਾਂ ਦੇ ਖਾਦ-ਖੁਰਾਕ ਅਤੇ ਪਾਣੀ ਦਾ ਪ੍ਰਬੰਧ ਵੱਖਰੇ ਤੌਰ ਤੇ ਕਰਨਾ ਚਾਹੀਦਾ ਹੈ।

★ ਅੰਤਰ ਫ਼ਸਲਾਂ ਨੂੰ ਕਿਸੇ ਵੀ ਸੂਰਤ ਵਿੱਚ ਫ਼ਲਦਾਰ ਪੌਦਿਆਂ ਦੀ ਛਤਰੀ ਦੇ ਅੰਦਰਲੇ ਦਾਇਰੇ ਤੇ ਨਹੀਂ ਲਾਉਣਾ ਚਾਹੀਦਾ।

★ ਖੇਤ ਦੀ ਵਹਾਈ ਬਿਜਾਈ ਸਮੇਂ ਮੁੱਖ ਫ਼ਲਦਾਰ ਪੌਦਿਆਂ ਦੀਆਂ ਜੜ੍ਹਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਣਾ ਚਾਹੀਦਾ।

★ ਪੂਰਕ ਪੌਦੇ ਮੁੱਖ ਫ਼ਸਲ ਤੇ ਫ਼ਲ ਦੇਣ ਤੱਕ ਹੀ ਰੱਖੇ ਜਾ ਸਕਦੇ ਹਨ, ਇਸ ਤੋਂ ਬਾਅਦ ਇਹਨਾਂ ਨੂੰ ਬਾਗ ਵਿੱਚੋਂ ਕੱਢ ਦੇਣਾ ਚਾਹੀਦਾ ਹੈ।

★ ਕਪਾਹ, ਮੱਕੀ, ਬਾਜਰਾ, ਚਰੀ, ਬਰਸੀਮ, ਭਿੰਡੀ ਅਤੇ ਵੇਲਾਂ ਵਾਲੀਆਂ ਫ਼ਸਲਾਂ ਲਾਉਣ ਤੋਂ ਗੁਰੇਜ ਕਰਨਾ ਚਾਹੀਦਾ ਹੈ।

★ ਜਦੋਂ ਬਾਗਾਂ ਦੇ ਰੁੱਖ ਵੱਡੇ ਹੋ ਕੇ ਆਪਣੀ ਛਤਰੀ ਫੈਲਾਉਣ ਲੱਗਦੇ ਹਨ ਅਤੇ ਕਤਾਰਾਂ ਵਿਚਕਾਰ ਦੀ ਜਗ੍ਹਾ ਘੱਟ ਰਹਿ ਜਾਂਦੀ ਹੈ, ਉਸ ਸਮੇਂ ਅੰਤਰ ਕਾਸ਼ਤ ਕਰਨਾ ਘਾਟੇ ਦਾ ਸੌਦਾ ਬਣ ਸਕਦਾ ਹੈ। ਇਸ ਦੌਰਾਨ ਮੁੱਖ ਫਲਦਾਰ ਰੁੱਖਾਂ ਦੇ ਨਾਲ ਕੇਵਲ ਹਰੀ ਖਾਦ ਜਾਂ ਕਵਰ ਫ਼ਸਲਾਂ ਹੀ ਉਗਾਈਆਂ ਜਾ ਸਕਦੀਆਂ ਹਨ।

ਬੇਰ ਦੀ ਸਫ਼ਲ ਕਾਸ਼ਤ ਲਈ ਨੁਕਤੇ

ਬੇਰ ਇੱਕ ਬਹੁਤ ਗੁਣਕਾਰੀ ਫ਼ਲ ਹੈ। ਇਹ ਵਿਟਾਮਿਨ 'ਸੀ', ਪ੍ਰੋਟੀਨ, ਕੈਲਸ਼ੀਅਮ, ਫਾਸਫੋਰਸ ਅਤੇ ਲੋਹੇ ਜਿਹੀਆਂ ਧਾਤਾਂ ਦਾ ਬਹੁਤ ਵਧੀਆ ਸੋਮਾ ਹੈ। ਇਸਦੀ ਵਰਤੋਂ ਤਾਜ਼ੇ ਫਲਾਂ ਤੋਂ ਇਲਾਵਾ ਕੈਂਡੀ, ਸੁਕਾਉਣ ਲਈ, ਮੁਰੱਬਾ, ਆਚਾਰ ਅਤੇ ਚਟਨੀ ਬਣਾਉਣ ਲਈ, ਸਕੁਐਸ, ਨੈਕਟਰ ਅਤੇ ਆਰ ਟੀ ਐਸ (ਬੀਵਰੇਜ਼) ਤਿਆਰ ਕਰਨ ਲਈ ਕੀਤੀ ਜਾਂਦੀ ਹੈ ਅਤੇ ਫ਼ਲਾਂ ਨੂੰ ਖੰਡ ਦੀ ਚਾਸ਼ਨੀ ਵਿੱਚ ਡੱਬਾ-ਬੰਦ ਵੀ ਕੀਤਾ ਜਾ ਸਕਦਾ ਹੈ।

ਬੇਰ ਨਾ ਸਿਰਫ਼ ਪੰਜਾਬ ਦੇ ਦੱਖਣ-ਪੱਛਮੀ ਇਲਾਕੇ ਸੰਗਰੂਰ, ਪਟਿਆਲਾ, ਮਾਨਸਾ, ਬਠਿੰਡਾ, ਫਾਜ਼ਿਲਕਾ ਅਤੇ ਫਿਰੋਜ਼ਪੁਰ ਆਦਿ ਜ਼ਿਲ੍ਹਿਆਂ ਵਿੱਚ ਸਫ਼ਲਤਾ ਪੂਰਵਕ ਉਗਾਇਆ ਜਾਂਦਾ ਹੈ ਸਗੋਂ ਬਹੁਤ ਸਖ਼ਤ ਜਾਨ ਫ਼ਲ ਹੋਣ ਕਰਕੇ ਅਤੇ ਇਸ ਨੂੰ ਘੱਟ ਮਾਫ਼ਕ ਪੌਣ-ਪਾਣੀ ਵਾਲੀਆਂ ਹਾਲਤਾਂ ਵਿੱਚ ਵੀ ਉਗਾਇਆ ਜਾ ਸਕਦਾ ਹੈ। ਮੱਧ ਗਰਮ-ਖੁਸ਼ਕ ਅਤੇ ਗਰਮ-ਤਰ ਪੌਣ-ਪਾਣੀ ਅਤੇ ਡੂੰਘੀ ਰੇਤਲੀ-ਮੈਰਾ ਜ਼ਮੀਨ ਜੋ ਨਾ ਖਾਰੀ ਤੇ ਨਾ ਤੇਜ਼ਾਬੀ ਹੋਵੇ ਜਾਂ ਹਲਕੀ ਜਿਹੀ ਕਲਰਾਠੀ ਤੇ ਚੰਗੇ ਜਲ ਨਿਕਾਸ ਵਾਲੀ ਹੋਵੇ, ਬੇਰ ਦੀ ਕਾਸ਼ਤ ਲਈ ਬਹੁਤ ਢੁੱਕਵੇਂ ਹਨ।

ਬੇਰ ਇੱਕ ਬਹੁਤ ਗੁਣਕਾਰੀ ਫ਼ਲ ਹੈ। ਇਹ ਵਿਟਾਮਿਨ 'ਸੀ', ਪ੍ਰੋਟੀਨ, ਕੈਲਸ਼ੀਅਮ, ਫਾਸਫੋਰਸ ਅਤੇ ਲੋਹੇ ਜਿਹੀਆਂ ਧਾਤਾਂ ਦਾ ਬਹੁਤ ਵਧੀਆ ਸੋਮਾ ਹੈ। ਇਸਦੀ ਵਰਤੋਂ ਤਾਜ਼ੇ ਫਲਾਂ ਤੋਂ ਇਲਾਵਾ ਕੈਂਡੀ, ਸੁਕਾਉਣ ਲਈ, ਮੁਰੱਬਾ, ਆਚਾਰ ਅਤੇ ਚਟਨੀ ਬਣਾਉਣ ਲਈ, ਸਕੁਐਸ, ਨੈਕਟਰ ਅਤੇ ਆਰ ਟੀ ਐਸ (ਬੀਵਰੇਜ਼) ਤਿਆਰ ਕਰਨ ਲਈ ਕੀਤੀ ਜਾਂਦੀ ਹੈ ਅਤੇ ਫ਼ਲਾਂ ਨੂੰ ਖੰਡ ਦੀ ਚਾਸ਼ਨੀ ਵਿੱਚ ਡੱਬਾ-ਬੰਦ ਵੀ ਕੀਤਾ ਜਾ ਸਕਦਾ ਹੈ।



ਬੂਟੇ ਲਗਾਉਣਾ : ਬਾਗ ਲਗਾਉਣ ਲਈ ਪਿਉਂਦੀ ਬੂਟੇ ਹੀ ਚੁਨਣੇ ਚਾਹੀਦੇ ਹਨ। ਕਿਸਮਾਂ ਦੀ ਚੋਣ ਬਹੁਤ ਜ਼ਰੂਰੀ ਹੈ, ਵਲੈਤੀ ਕਿਸਮ ਜਿਸਦਾ ਝਾੜ 1.10 ਤੋਂ 1.20 ਕੁਇੰਟਲ ਪ੍ਰਤੀ ਏਕੜ ਜਾਂ ਉਮਰਾਨ ਕਿਸਮ ਜਿਸਦਾ ਝਾੜ 1.5 ਤੋਂ 2.00 ਕੁਇੰਟਲ ਜਾਂ ਜਿਸਦਾ ਝਾੜ 15 ਕੁਇੰਟਲ ਪ੍ਰਤੀ ਏਕੜ ਹੈ, ਲਗਾਉਣੇ ਚਾਹੀਦੇ ਹਨ। ਕੰਢੀ ਇਲਾਕੇ ਲਈ ਸਨੌਰ-2 ਕਿਸਮ ਵਧੇਰੇ ਢੁਕਵੀਂ ਹੈ। ਬੂਟਿਆਂ ਨੂੰ ਫ਼ਰਵਰੀ-ਮਾਰਚ ਜਾਂ ਅਗਸਤ-ਸਤੰਬਰ ਦੌਰਾਨ ਲਗਾਇਆ ਜਾਂਦਾ ਹੈ। ਫ਼ਰਵਰੀ-ਮਾਰਚ ਵਿੱਚ ਬਾਗ ਲਾਉਣ ਲਈ ਨਰੰਗੀਆਂ ਜੜ੍ਹਾਂ ਵਾਲੇ ਬੂਟੇ ਅੱਧ ਜਨਵਰੀ ਤੋਂ ਅੱਧ ਫ਼ਰਵਰੀ ਤੱਕ ਪੁੱਟ ਕੇ ਤੇ ਪੱਤੇ ਲਾਹ ਕੇ ਲਿਆਉਣ ਤੋਂ ਬਅਦ ਲਗਾਉਣੇ ਚਾਹੀਦੇ ਹਨ। ਅਗਸਤ-ਸਤੰਬਰ ਦੌਰਾਨ ਬਾਗ ਲਗਾਉਣ ਲਈ ਬੂਟੇ, ਮਿੱਟੀ ਦੀ ਵੱਡੀ ਗਾਚੀ ਸਮੇਤ ਲੈ ਕੇ ਆਉਣੇ ਚਾਹੀਦੇ ਹਨ। ਬਾਗ ਲਗਾਉਣ ਲਈ, ਵਰਗਾਕਾਰ ਢੰਗ ਨਾਲ ਬੂਟੇ 7.5 × 7.5 ਮੀਟਰ ਦੇ ਫ਼ਾਸਲੇ ਤੇ ਲੱਗਭਗ ਇੱਕ ਮਹੀਨਾ ਪਹਿਲਾਂ ਤਿਆਰ ਕੀਤੇ 1 × 1 × 1 ਮੀਟਰ ਦੇ ਟੋਏ ਵਿੱਚ ਲਾਉਣੇ ਚਾਹੀਦੇ ਹਨ। ਨਵੇਂ ਲਾਏ ਬਾਗਾਂ ਵਿੱਚ ਰੂੜੀ ਪਹਿਲੇ ਸਾਲ 20 ਕਿਲੋ, ਦੂਸਰੇ ਸਾਲ 40 ਕਿਲੋ, ਤੀਸਰੇ ਸਾਲ 60 ਕਿਲੋ, ਚੌਥੇ ਸਾਲ 80 ਕਿਲੋ ਅਤੇ ਉਸ ਤੋਂ ਬਅਦ ਹਰ ਸਾਲ 100 ਕਿਲੋ ਪ੍ਰਤੀ ਬੂਟੇ ਦੇ ਹਿਸਾਬ ਮਈ-ਜੂਨ ਵਿੱਚ ਪਾਉਣੀ ਚਾਹਦੀ ਹੈ। ਇਸੇ ਤਰ੍ਹਾਂ ਪਹਿਲੇ ਸਾਲ 200 ਗ੍ਰਾਮ ਯੂਰੀਆ ਤੇ 250 ਗ੍ਰਾਮ ਸਿੰਗਲ ਸੁਪਰ ਫਾਸਫੇਟ (SSP), ਦੂਸਰੇ ਸਾਲ 400 ਗ੍ਰਾਮ ਯੂਰੀਆ ਤੇ 500 ਗ੍ਰਾਮ SSP ਤੀਸਰੇ ਸਾਲ 600 ਗ੍ਰਾਮ ਯੂਰੀਆ ਤੇ 1 ਕਿਲੋ SSP, ਚੌਥੇ ਸਾਲ 800 ਗ੍ਰਾਮ ਯੂਰੀਆ ਤੇ 1.25 ਕਿਲੋ SSP ਅਤੇ ਉਸ ਤੋਂ ਬਅਦ ਹਰ ਸਾਲ 1 ਕਿਲੋ ਯੂਰੀਆ ਤੇ 1.5 ਕਿਲੋ SSP ਪ੍ਰਤੀ ਬੂਟੇ ਦੇ ਹਿਸਾਬ ਨਾਲ ਜੁਲਾਈ ਅਗਸਤ ਵਿੱਚ ਪਾਉਦੇ ਰਹਿਣਾ ਚਾਹੀਦਾ ਹੈ। ਨਾਲ ਹੀ ਵਧੇਰੇ ਝਾੜ ਲੈਣ ਲਈ ਅੱਧ ਨਵੰਬਰ ਅਤੇ ਅੱਧ ਜਨਵਰੀ ਵਿੱਚ 1.5 ਕਿਲੋ ਪੋਟਾਸ਼ੀਅਮ ਨਾਈਟ੍ਰੇਟ 100 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰਨਾ ਚਾਹੀਦਾ ਹੈ।



ਕਾਂਟ-ਛਾਂਟ : ਬੇਰ ਦੇ ਬੂਟਿਆਂ ਦੀ ਸਿਧਾਈ 'ਸੁਧਰੇ ਟੀਸੀ ਢੰਗ' ਨਾਲ ਕੀਤੀ ਜਾਂਦੀ ਹੈ। ਕਾਂਟ-ਛਾਂਟ ਲਈ ਬੂਟੇ ਦੇ ਮੁੱਖ ਤਣੇ ਨੂੰ ਜ਼ਮੀਨ ਤੋਂ 75 ਸੈਂਟੀਮੀਟਰ ਤੇ ਕੱਟ ਦੇਣਾ ਚਾਹੀਦਾ ਹੈ ਅਤੇ ਅਸੇ ਪਾਸਿਓਂ ਨਿੱਕਲੀਆਂ ਨਵੀਆਂ ਟਹਿਣੀਆਂ ਵਿੱਚੋਂ ਵੱਖ-ਵੱਖ ਦਿਸ਼ਾਵਾਂ ਵਿੱਚ ਚਾਰ ਤੋਂ ਪੰਜ ਸ਼ਾਖਾਵਾਂ ਚੁਣ ਲੈਣੀਆਂ ਚਾਹੀਦੀਆਂ ਹਨ। ਬੇਰ ਦਾ ਫ਼ਲ ਨਵੀਆਂ ਫੁੱਟੀਆਂ ਸ਼ਾਖਾਂ ਦੇ ਪੱਤਿਆਂ ਦੇ ਧੁਰੇ ਵਿੱਚ ਲੱਗਦਾ ਹੈ, ਇਸ ਲਈ ਹਰ ਸਾਲ ਲਗਾਤਾਰ ਕਾਂਟ-ਛਾਂਟ ਜ਼ਰੂਰੀ ਹੁੰਦੀ ਹੈ। ਕਾਂਟ ਛਾਂਟ ਵੇਲੇ ਹੇਠਾਂ ਵੱਲ ਜਾਂਦੀਆਂ ਟਹਿਣੀਆਂ ਨੂੰ ਅਤੇ ਪਿਛਲੇ ਸਾਲ ਦੀਆਂ ਪਤਲੀਆਂ, ਸੁੱਕੀਆਂ, ਟੁੱਟੀਆਂ ਅਤੇ ਬੀਮਾਰ ਟਹਿਣੀਆਂ ਨੂੰ ਕੱਟ ਦੇਣਾ ਚਾਹੀਦਾ ਹੈ। ਵਲੈਤੀ ਅਤੇ ਉਮਰਾਨ ਕਿਸਮ ਦੇ ਬੂਟਿਆਂ ਦੀ ਕਾਂਟ-ਛਾਂਟ ਆਮ ਤੌਰ ਤੇ ਬੂਟਿਆਂ ਦੀ ਸਥਿਲ ਅਵਸਥਾ ਦੌਰਾਨ ਮਈ ਦੇ ਦੂਜੇ ਪੰਦਰਵਾੜੇ ਕਰਨੀ ਚਾਹੀਦੀ ਹੈ। ਜਦਕਿ ਸਨੌਰ-2 ਕਿਸਮ ਦੀ ਕਾਂਟ-ਛਾਂਟ ਅਪ੍ਰੈਲ ਦੇ ਤੀਜੇ ਹਫ਼ਤੇ ਕਰਨੀ ਚਾਹੀਦੀ ਹੈ। ਪਿਛਲੇ ਸਾਲ ਦੇ ਵਾਧੇ ਦੀਆਂ 8 ਅੱਖਾਂ ਰੱਖ ਕੇ ਸਿਰ ਕਲਮੀ ਕਰਨ ਨਾਲ ਵਧੇਰੇ ਝਾੜ ਅਤੇ ਵਧੀਆ ਗੁਣਾਂ ਵਾਲੇ ਫ਼ਲ ਪ੍ਰਾਪਤ ਕੀਤੇ ਜਾ ਸਕਦੇ ਹਨ। ਹਰ ਚੌਥੇ-ਪੰਜਵੇਂ ਸਾਲ ਬੇਰੀਆਂ ਦੇ ਬੂਟਿਆਂ ਦੀ ਭਰਵੀਂ ਕਟਾਈ ਕਰਨੀ ਚਾਹੀਦੀ ਹੈ।

ਤੁੜਾਈ : ਬੇਰਾਂ ਦੀ ਤੁੜਾਈ ਦਾ ਮੁੱਖ ਸਮਾਂ ਅੱਧ-ਮਾਰਚ ਤੋਂ ਅੱਧ-ਅਪ੍ਰੈਲ ਹੁੰਦਾ ਹੈ। ਬੇਰਾਂ ਦੇ ਸਾਰੇ ਫ਼ਲ ਇੱਕੋ ਸਮੇਂ ਨਹੀਂ ਪੱਕਦੇ ਪਰ ਬੇਰ ਹਮੇਸ਼ਾ ਪੂਰੀ ਪਕਾਈ ਤੇ ਹੀ ਤੋੜਨੇ ਚਾਹੀਦੇ ਹਨ ਇਸ ਲਈ ਅੱਧ-ਮਾਰਚ ਤੋਂ ਅੱਧ-ਅਪ੍ਰੈਲ ਤੱਕ 4-5 ਤੁੜਾਈਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਫ਼ਲ ਦਰਖ਼ਤਾਂ ਤੇ ਹੀ ਜ਼ਿਆਦਾ ਨਹੀਂ ਪੱਕਣ ਦੇਣੇ ਚਾਹੀਦੇ ਕਿਉਂਕਿ ਅਜਿਹਾ ਹੋਣ ਨਾਲ ਇਨ੍ਹਾਂ ਦਾ ਸਵਾਦ ਅਤੇ ਗੁਣ ਨਸ਼ਟ ਹੋ ਜਾਂਦੇ ਹਨ।

- ਬਲਜੀਤ ਸਿੰਘ ਅਤੇ ਵੀਰਪ੍ਰਤਾਪ ਸਿੰਘ,
ਕ੍ਰਿਸ਼ੀ ਵਿਗਿਆਨ ਕੇਂਦਰ, ਸਮਰਾਲਾ
(ਮੋ. 89685-22800)

ਅਪ੍ਰੈਲ ਮਹੀਨੇ ਦੇ ਖੇਤੀ ਰੁਝੇਵੇਂ

ਸੰਯੋਜਕ : ਅਮਰਜੀਤ ਸਿੰਘ, **ਸੰਗ੍ਰਹਿ ਕਰਤਾ** : ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਅਰਸ਼ ਆਲਮ ਸਿੰਘ ਗਿੱਲ, ਜਸਵਿੰਦਰ ਸਿੰਘ ਬਰਾੜ, ਜਸਪਾਲ ਸਿੰਘ, ਨਵਨੀਤ ਕੌਰ, ਸਿਮਰਤ ਸਿੰਘ, ਰੂਮਾ ਦੇਵੀ, ਤੇਜਵੀਰ ਸਿੰਘ ਅਤੇ ਸ਼ਿਵਾਨੀ ਸ਼ਰਮਾ

ਲੜੀ ਜੋੜਨ ਪਿਛਲਾ ਅੰਕ ਪੜ੍ਹੋ ।

ਗੰਦਾ : ਗਰਮੀ ਰੁੱਤ ਵਿੱਚ ਫੁੱਲ ਪੈਣ ਲਈ ਪੰਜਾਬ ਗੰਦਾ ਨੰ. 1 ਦੀ ਤਿਆਰੀ ਪਨੀਰੀ ਜੇਕਰ ਖੇਤ ਵਿੱਚ ਫਰਵਰੀ-ਮਾਰਚ ਮਹੀਨੇ ਦੌਰਾਨ ਨਹੀਂ ਲਗਾਈ ਤਾਂ ਇਸ ਮਹੀਨੇ ਲਾ ਦਿਓ, ਉਪਰੰਤ ਹਲਕਾ ਪਾਣੀ ਦਿਓ ਤਾਂ ਜੋ ਗਰਮੀ ਵਿੱਚ ਫੁੱਲਾਂ ਦੀ ਪੈਦਾਵਾਰ ਤੇ ਅਸਰ ਨਾ ਪਵੇ ।

ਵਣ ਖੇਤੀ

ਪਾਪਲਰ : ਇਸ ਮਹੀਨੇ ਤਾਪਮਾਨ ਵੱਧ ਜਾਂਦਾ ਹੈ ਇਸ ਲਈ ਪਾਪਲਰ ਦੀਆਂ ਪਲਾਂਟੇਸ਼ਨਾਂ ਨੂੰ 7-10 ਦਿਨਾਂ ਬਾਅਦ ਪਾਣੀ ਦਿੰਦੇ ਰਹੋ । ਤਿੰਨ ਸਾਲ ਤੋਂ ਘੱਟ ਉਮਰ ਦੇ ਪਾਪਲਰ ਵਿੱਚ ਹਲਦੀ ਜਾਂ ਕਮਾਦ ਦੀ ਕਾਸ਼ਤ ਕੀਤੀ ਜਾ ਸਕਦੀ ਹੈ । ਤਿੰਨ ਸਾਲ ਤੋਂ ਵੱਧ ਉਮਰ ਦੀਆਂ ਪਾਪਲਰ ਪਲਾਂਟੇਸ਼ਨਾਂ ਵਿੱਚ ਚਾਰੇ ਦੀਆਂ ਫ਼ਸਲਾਂ ਉਗਾਈਆਂ ਜਾ ਸਕਦੀਆਂ ਹਨ । ਪੱਤੇ ਝਾੜਨ ਵਾਲੀ ਸੁੰਡੀ ਦੇ ਹਮਲੇ ਕਾਰਨ ਪੱਤੇ ਜਾਲ ਵਾਂਗ ਬਣ ਜਾਂਦੇ ਹਨ ਅਤੇ ਜ਼ਿਆਦਾ ਹਮਲੇ ਵਿੱਚ ਸੁੰਡੀ ਪੱਤੇ ਨੂੰ ਖਾ ਜਾਂਦੀ ਹੈ । ਇਸ ਦਾ ਹਮਲਾ ਮੁੱਖ ਤੌਰ ਤੇ ਮਾਰਚ ਜਾਂ ਅਪ੍ਰੈਲ ਤੋਂ ਸ਼ੁਰੂ ਹੁੰਦਾ ਹੈ । ਉਹ ਪੱਤੇ ਜਿਹਨਾਂ ਤੇ ਅੰਡੇ (ਪੀਲੇ ਰੰਗ ਦੇ) ਅਤੇ ਸੁੰਡੀ ਹੋਵੇ, ਉਹਨਾਂ ਨੂੰ ਰੁੱਖ ਨਾਲੋਂ ਤੋੜ ਕੇ ਸਾੜ ਦਿਉ ਅਤੇ ਸੁੰਡੀਆਂ ਨੂੰ ਕੁਚਲ ਕੇ ਮਾਰ ਦਿਉ ।

ਸਫੈਦਾ : ਸਫੈਦੇ ਦੀਆਂ ਪਲਾਂਟੇਸ਼ਨਾਂ ਨੂੰ ਅਪ੍ਰੈਲ ਵਿੱਚ ਪੰਦਰਾਂ ਦਿਨਾਂ ਬਾਅਦ ਪਾਣੀ ਪਾਉਂਦੇ ਰਹੋ ।

ਖੁੰਬਾਂ ਦੀ ਕਾਸ਼ਤ

1. ਗਰਮ ਰੁੱਤ ਦੀਆਂ ਖੁੰਬਾਂ (ਪਰਾਲੀ ਖੁੰਬ ਅਤੇ ਮਿਲਕੀ ਖੁੰਬ) ਦੀ ਕਾਸ਼ਤ ਲਈ ਬੀਜ ਬੁੱਕ ਕਰਵਾਓ ।

2. ਪਰਾਲੀ ਖੁੰਬ ਦੀ ਕਾਸ਼ਤ ਅੱਧ ਅਪ੍ਰੈਲ ਤੋਂ ਬਾਅਦ ਸ਼ੁਰੂ ਕਰੋ । ਇਸ ਲਈ ਪਰਾਲੀ ਦੇ ਪੂਲੇ (1-1½ ਕਿਲੋ) ਦੇ ਹਿਸਾਬ ਨਾਲ ਤਿਆਰ ਕਰੋ ।

3. ਇਨ੍ਹਾਂ ਪਰਾਲੀ ਦੇ ਪੂਲਿਆਂ ਨੂੰ ਗਿੱਲਾ ਕਰੋ ਅਤੇ ਪਰਾਲੀ ਖੁੰਬ ਦੀ ਕਾਸ਼ਤ ਲਈ ਸਿਫ਼ਾਰਿਸ਼ ਕੀਤੀ ਗਈ ਵਿਧੀ ਅਨੁਸਾਰ ਬੈਡ ਤਿਆਰ ਕਰੋ ।

4. ਰੋਜ਼ਾਨਾ ਦੋ ਵਾਰ ਇਨ੍ਹਾਂ ਬੈਡਾਂ ਤੇ ਪਾਣੀ ਦਾ ਛਿੜਕਾਅ ਕਰੋ । ਬੀਜ ਪਾਉਣ ਤੋਂ 10-12 ਦਿਨਾਂ ਬਾਅਦ ਖੁੰਬਾਂ ਨਿਕਲਣੀਆਂ ਸ਼ੁਰੂ ਹੋ ਜਾਂਦੀਆਂ ਹਨ । ਖੁੰਬਾਂ ਦੀ ਫ਼ਸਲ ਤਿੰਨ ਹਫਤੇ ਤੱਕ ਚਲਦੀ ਰਹਿੰਦੀ ਹੈ ।

5. ਸਿਫ਼ਾਰਿਸ਼ ਕੀਤੀ ਗਈ ਵਿਧੀ ਅਨੁਸਾਰ, ਮਿਲਕੀ ਖੁੰਬ ਦੀ ਕਾਸ਼ਤ ਲਈ ਉੱਬਲੀ ਹੋਈ ਰੂੜ੍ਹੀ (2 ਕਿਲੋ ਪ੍ਰਤੀ ਬੈਗ) ਦੀ ਵਰਤੋਂ ਕਰੋ । ਬੈਗ ਪੂਰੀ ਤਰ੍ਹਾਂ ਚਿੱਟੇ ਹੋਣ ਤੋਂ ਬਾਅਦ ਕੇਸਿੰਗ ਯੋਗ ਹੋ ਜਾਣਗੇ ਅਤੇ ਕੇਸਿੰਗ ਦੇ 18-20 ਦਿਨਾਂ ਬਾਅਦ ਖੁੰਬਾਂ ਦਿੱਸਣ ਲੱਗ ਪੈਣਗੀਆਂ ।

6. ਸਰਦ ਰੁੱਤ ਖੁੰਬਾਂ (ਬਟਨ ਅਤੇ ਢੀਂਗਰੀ ਖੁੰਬ) ਦੀ ਅਗਲੀ ਫ਼ਸਲ ਦੀ ਕਾਸ਼ਤ ਲਈ ਰੂੜੀ ਅਤੇ ਪਰਾਲੀ ਨੂੰ ਇੱਕਠਾ ਕਰੋ ਅਤੇ ਸਾਫ ਸੁਥਰੀ ਥਾਂ ਤੇ ਜਮ੍ਹਾਂ ਕਰਨ ਲਈ ਪ੍ਰਬੰਧ ਕਰੋ ।

ਡੇਅਰੀ ਫਾਰਮਿੰਗ

1. ਗਰਮੀ ਰੁੱਤ ਆ ਰਹੀ ਹੈ ਇਸ ਲਈ ਦੁਧਾਰੂਆਂ ਨੂੰ ਗਰਮੀ ਤੋਂ ਬਚਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ ।



2. ਵੱਧ ਰਹੇ ਤਾਪਮਾਨ ਕਾਰਨ ਦੁਧਾਰੂ ਪਸ਼ੂ ਖੁਰਾਕ ਖਾਣੀ ਘਟਾ ਦਿੰਦੇ ਹਨ ਇਸ ਕਰੇ ਉਨ੍ਹਾਂ ਦੀ ਖੁਰਾਕ ਵਿੱਚ ਪ੍ਰੋਟੀਨ ਦੀ ਮਾਤਰਾ ਵਧਾ ਦੇਣੀ ਚਾਹੀਦੀ ਹੈ ਜੋ ਕਿ ਤੇਲ ਬੀਜ ਫ਼ਸਲਾਂ ਦੀ ਖੱਲ ਨਾਲ 5-7% ਤੱਕ ਵੱਧ ਜਾਂਦੀ ਹੈ । ਡੇਅਰੀ ਫਾਰਮ ਵਿੱਚ ਪੱਖੇ ਚੱਲਦੇ ਰੱਖੋ ।

3. ਦੁਧਾਰੂ ਪਸ਼ੂਆਂ ਵਿੱਚ ਹੀਟ ਦੇ ਲੱਛਣ ਵੇਖਣੇ ਚਾਹੀਦੇ ਹਨ ਅਤੇ ਲੱਛਣਾਂ ਦੇ ਨਜ਼ਰ ਆਉਣ ਤੇ ਪਸ਼ੂਆਂ ਨੂੰ 12-18 ਘੰਟਿਆਂ ਵਿੱਚ ਇਨਸੈਮੀਨੇਸ਼ਣ ਕਰਵਾਉਣੀ ਚਾਹੀਦੀ ਹੈ ।



4. ਵੱਛੜੂ ਦੀ ਸਾਂਭ-ਸੰਭਾਲ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਅਤੇ ਜ਼ੋਰ ਪੈਣ ਦੇ ਇੰਤਜ਼ਾਰ ਕੀਤੇ ਬਿਨ੍ਹਾਂ ਜਨਮ ਦੇ 1-2 ਘੰਟਿਆਂ ਦੇ ਵਿਚਕਾਰ ਗਾਂ ਦਾ ਗਾੜਾ ਦੁੱਧ ਬੱਚੇ ਨੂੰ ਦੇਣਾ ਚਾਹੀਦਾ ਹੈ ।

5. ਚਿੱਚੜਾਂ ਦੇ ਬਚਾਅ ਲਈ ਪਸ਼ੂਆਂ ਦੇ ਵਾੜੇ ਵਾਲੀ ਜਗ੍ਹਾ ਨੂੰ ਮੈਲਾਥੀਆਨ ਦਾ ਛਿੜਕਾਅ ਅਕਸਰ ਕਰਦੇ ਰਹਿਣਾ ਚਾਹੀਦਾ ਹੈ । ਖੁਰਲੀ 5% ਖੁਰਾਕ, ਪੱਠੇ ਅਤੇ ਪਾਣੀ ਨੂੰ ਜ਼ਹਿਰਾਂ ਤੋਂ ਬਚਾਉਣਾ ਚਾਹੀਦਾ ਹੈ । ਪਸ਼ੂਆਂ ਨੂੰ ਚਿੱਚੜਾਂ ਤੋਂ ਬਚਾਉਣ ਲਈ ਬਿਊਟੈਕਸਤਰਲ ਜਾਂ ਟੈਕਨਿਕ (12.5%) 2 ਮਿਲੀਗ੍ਰਾਮ ਪ੍ਰਤੀ ਲਿਟਰ ਪਾਣੀ ਨਾਲ ਸਪਰੇਅ ਕਰਨਾ ਚਾਹੀਦਾ ਹੈ । ਫਿਰ 10 ਦਿਨਾਂ ਬਾਅਦ ਛਿੜਕਾਅ ਕਰਨਾ ਚਾਹੀਦਾ ਹੈ ।

6. ਪਸ਼ੂਆਂ ਅਤੇ ਢਾਰੇ ਨੂੰ ਸਾਫ ਸੁਥਰਾ ਰੱਖੋ ।

7. ਮੂੰਹਖੁਰ ਦੀ ਬਿਮਾਰੀ ਟੀਕਾਕਰਨ ਕਰਵਾਉਣਾ ਜ਼ਰੂਰੀ ਹੈ ।

8. ਜੇਕਰ ਨਹੀਂ ਕਰਵਾਇਆ ਤਾਂ ਇਸ ਨੂੰ ਤੁਰੰਤ ਕਰਵਾ ਲੈਣਾ ਚਾਹੀਦਾ ਹੈ । ਟੀਕਾਕਰਨ ਦਾ ਰਿਕਾਰਡ ਰੱਖੋ ਅਤੇ ਮਹੀਨਿਆਂ ਬਾਅਦ ਦੁਬਾਰਾ ਟੀਕਾਕਰਨ ਕਰਵਾਓ ।

9. ਦੁਧਾਰੂ ਪਸ਼ੂਆਂ ਨੂੰ ਜ਼ਿਆਦਾ ਮਾਤਰਾ ਵਿੱਚ ਕਣਕ ਜਾਂ ਅਨਾਜ ਨਹੀਂ ਦੇਣਾ ਚਾਹੀਦਾ । ਇਹ ਜਾਨਲੇਵਾ ਹੋ ਸਕਦਾ ਹੈ ।

ਪੋਲਟਰੀ ਫਾਰਮਿੰਗ

1. ਪੋਲਟਰੀ ਦਾ ਸਟਾਕ ਬਦਲਣ ਦਾ ਇਹ ਸਹੀ ਸਮਾਂ ਹੈ । ਲਾਭ ਨਾ ਦੇਣ ਵਾਲੀਆਂ ਮੁਰਗੀਆਂ ਨੂੰ ਕੱਢ ਦਿਓ ਤਾਂ ਜੋ ਛੋਟੇ ਚੂਚਿਆਂ ਨੂੰ ਜਗ੍ਹਾ ਮਿਲ ਜਾਵੇ । ਮੁਰਗੀਆਂ ਦੀ ਗਿਣਤੀ ਵਿੱਚ ਵਾਧਾ ਇਸ ਸਮੇਂ ਆਸਾਨੀ ਨਾਲ ਕੀਤਾ ਜਾ ਸਕਦਾ ਹੈ ।

2. ਮੁਰਗੀਆਂ ਦੇ ਵਿਛੌਣੇ ਦੀ ਮੋਟਾਈ ਘੱਟ ਕਰ ਦਿਓ ਅਤੇ ਗਿੱਲੇ ਵਿਛਾਉਣੇ ਨੂੰ ਬਦਲ ਦਿਓ ।

3. ਮੁਰਗੀਆਂ ਨੂੰ ਠੰਡਾ ਅਤੇ ਤਾਜਾ ਪਾਣੀ ਦਿਓ । ਪਾਣੀ ਵਾਲੇ ਬਰਤਨਾਂ ਦੀ ਗਿਣਤੀ ਦੁੱਗਣੀ ਕਰ ਦੇਣੀ ਚਾਹੀਦੀ ਹੈ ।

4. ਟੀਕਾਕਰਨ ਲਾਜ਼ਮੀ ਬਣਾਉਣਾ ਚਾਹੀਦਾ ਹੈ ।

5. ਚੂਚਿਆਂ ਨੂੰ ਰਾਣੀ ਖੇਤ ਬਿਮਾਰੀ ਤੋਂ ਬਚਾਅ ਲਈ 6-8 ਹਫਤਿਆਂ ਦੀ ਉਮਰ ਤੇ ਟੀਕੇ ਲਗਵਾਓ ਅਤੇ ਛੋਟੀ ਮਾਤਾ ਬਿਮਾਰੀ ਦੇ ਬਚਾਅ ਲਈ ਟੀਕੇ 8-10 ਹਫਤਿਆਂ ਦੀ ਉਮਰ ਤੇ ਲਗਵਾਓ ।

6. ਤਿੰਨ ਮਹੀਨਿਆਂ ਦੀ ਉਮਰ ਵਿੱਚ ਪੰਛੀਆਂ ਨੂੰ ਲਗਾਤਾਰ ਮਲ੍ਹੱਪ ਰਹਿਤ ਕਰਨ ਦੀ ਦਵਾਈ ਦੇਣੀ ਸ਼ੁਰੂ ਕਰ ਦਿਓ ਅਤੇ ਲਗਾਤਾਰ ਇੱਕ-ਇੱਕ ਮਹੀਨੇ ਦੇ ਵਕਫੇ ਬਾਅਦ ਦਿਓ ।

7. ਜੇ ਛੱਤ ਉਪਰ ਚਾਂਦਰਾਂ ਹਨ ਤਾਂ ਉਨ੍ਹਾਂ ਉੱਪਰ ਚਿੱਟਾ ਰੰਗ ਲਗਾਉਣਾ ਚਾਹੀਦਾ ਹੈ ਤਾਂ ਜੋ ਧੁੱਪ ਦਾ ਅਸਰ ਘਟਾਇਆ ਜਾ ਸਕੇ ।

8. ਸਵੇਰੇ-ਸਵੇਰੇ ਮੁਰਗੀਆਂ ਨੂੰ ਬਲਬਾਂ ਦੀ ਰੌਸ਼ਨੀ ਦੇਣੀ ਚਾਹੀਦੀ ਹੈ ਤਾਂ ਜੋ ਮੁਰਗੀਆਂ ਠੰਡੇ ਮੌਸਮ ਵਿੱਚ ਲੋੜ ਅਨੁਸਾਰ ਖੁਰਾਕ ਖਾ ਸਕਣ ।

9. ਗਰਮੀਆਂ ਵਿੱਚ ਖੁਰਾਕ ਦੀ ਖਪਤ ਘੱਟ ਜਾਂਦੀ ਹੈ । ਸੋ ਖੁਰਾਕ ਵਿੱਚ ਤਾਕਤ ਧਾਤਾਂ ਅਤੇ ਵਿਟਾਮਿਨ ਦੀ ਮਾਤਰਾ ਵਧਾ ਦੇਣੀ ਚਾਹੀਦੀ ਹੈ । ਜੋ ਕਿ ਖੁਰਾਕ ਵਿੱਚ ਮੱਕੀ ਸ਼ਾਮਿਲ ਕਰਕੇ ਕੀਤਾ ਜਾ ਸਕਦਾ ਹੈ ।

ਸੋਧੇ ਹੋਏ ਪਾਣੀ ਦੀ ਸਿੰਜਾਈ ਕਰਕੇ ਅਮਨਦੀਪ ਸਿੰਘ ਕਿਸਾਨਾਂ ਲਈ ਬਣਿਆ ਪ੍ਰੇਰਨਾ ਸਰੋਤ

ਲੁਧਿਆਣਾ ਪੰਜਾਬ ਦੇ ਸਭ ਤੋਂ ਮਹੱਤਵਪੂਰਨ ਉਦਯੋਗਿਕ ਕੇਂਦਰਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ । ਇਹ ਸ਼ਹਿਰ ਤਕਰੀਬਨ 7,650 ਲੱਖ ਲੀਟਰ ਗੰਦਾ ਪਾਣੀ ਉਤਪੰਨ ਕਰਦਾ ਹੈ, ਜੋ ਕਿ ਆਖਰ ਵਿੱਚ ਸਤਲੁਜ ਦਰਿਆ ਵਿੱਚ ਆ ਮਿਲਦਾ ਹੈ । ਫੈਕਟਰੀਆਂ ਅਤੇ ਘਰਾਂ ਵਿੱਚੋਂ ਆਉਣ ਵਾਲੀ ਗੰਦਗੀ ਅਤੇ ਗੰਧਲਾ ਪਾਣੀ ਇਸ ਗੰਦੇ ਪਾਣੀ ਦਾ ਸੰਕੇਤ ਹਨ । ਇਸ ਗੰਧਲੇ ਪਾਣੀ ਨੂੰ ਜੇਕਰ ਚੰਗੀ ਤਕਨੀਕ ਨਾਲ ਸੋਧਿਆ ਜਾਵੇ ਤਾਂ ਇਹ ਪਾਣੀ ਜ਼ਮੀਨੀ ਸਿੰਜਾਈ ਲਈ ਵਰਤਿਆ ਜਾ ਸਕਦਾ ਹੈ ਅਤੇ ਖੇਤੀ ਦੇ ਕਿੱਤੇ ਨੂੰ ਹੋਰ ਲਾਭਦਾਇਕ ਬਣਾਉਣ ਵਿੱਚ ਯੋਗਦਾਨ ਪਾ ਸਕਦਾ ਹੈ । ਸੋਧੇ ਹੋਏ ਗੰਧਲੇ ਪਾਣੀ ਦੀ ਮੁੜ ਵਰਤੋਂ ਇਕ ਉੱਦਮੀ ਉਪਰਾਲਾ ਹੈ ਅਤੇ ਇਹ ਕੋਈ ਨਵੀਂ ਸੋਚ ਵਾਲਾ ਕਿਸਾਨ ਹੀ ਕਰ ਸਕਦਾ ਹੈ । ਅਮਨਦੀਪ ਸਿੰਘ ਪਿੰਡ ਲਾਦੀਆਂ ਖੁਰਦ ਜ਼ਿਲ੍ਹਾ ਲੁਧਿਆਣਾ ਵਲੋਂ ਵੀ ਇਸ ਤਰ੍ਹਾਂ ਦੇ ਉਪਰਾਲੇ ਦਾ ਯਤਨ ਕੀਤਾ ਗਿਆ ਹੈ । ਅਮਨਦੀਪ ਸਿੰਘ ਇਕ ਨਵੀਂ ਸੋਚ ਵਾਲਾ ਕਿਸਾਨ ਹੈ । ਉਸਨੇ ਉਚੇਰੀ ਸਿੱਖਿਆ ਹਾਸਿਲ ਕਰਨ ਤੋਂ ਬਾਅਦ ਵੀ ਖੇਤੀਬਾੜੀ ਦੇ ਕਿੱਤੇ ਨੂੰ ਹੀ ਤਰਜੀਹ ਦਿੱਤੀ ਹੋਈ ਹੈ । ਉਸ ਨੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਲੁਧਿਆਣਾ ਨਾਲ ਮਜ਼ਬੂਤ ਸੰਬੰਧ ਬਣਾਏ ਹੋਏ ਹਨ । ਉਸ ਨੇ ਖੇਤੀਬਾੜੀ ਅਤੇ ਇਸ ਨਾਲ ਸੰਬੰਧਿਤ ਖੇਤਰਾਂ ਬਾਰੇ ਜਾਣਕਾਰੀ ਲੈਣ ਲਈ ਖੇਤੀਬਾੜੀ ਅਧਿਕਾਰੀਆਂ ਨਾਲ ਵੀ ਚੰਗੇ ਸੰਬੰਧ ਸਥਾਪਤ ਕੀਤੇ ਹੋਏ ਹਨ । ਉਹ ਬਹੁਤ ਨਵੀਨਤਮ ਸੋਚ ਵਾਲਾ ਕਿਸਾਨ ਹੈ ਅਤੇ ਆਪਣਾ ਖੇਤੀਬਾੜੀ ਵਿੱਚ ਗਿਆਨ ਵਧਾਉਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਰਸਾਲੇ ਜਿਵੇਂ ਕਿ ਚੰਗੀ ਖੇਤੀ, ਹਾੜ੍ਹੀ ਅਤੇ ਸਾਉਣੀ ਦੀਆਂ ਫ਼ਸਲਾਂ ਦੀ ਕਾਸ਼ਤ, ਖੇਤੀ ਸੰਦੇਸ਼ ਆਦਿ ਨਿਯਮਿਤ ਤੌਰ 'ਤੇ ਪੜ੍ਹਦਾ ਰਹਿੰਦਾ ਹੈ । ਉਹ ਆਪਣੇ ਪਿੰਡ ਦੀ ਕੋਆਪ੍ਰੇਟਿਵ ਸੁਸਾਇਟੀ (ਸਹਿਯੋਗੀ ਸਮਾਜ) ਦਾ ਮੈਂਬਰ ਵੀ ਹੈ । ਉਹ ਸਾਲ 2015 ਵਿੱਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕਿਸਾਨ ਕਲੱਬ ਦਾ ਮੈਂਬਰ ਵੀ ਬਣਿਆ ਹੈ ।

ਉਸ ਕੋਲ ਘਰੇਲੂ ਵਰਤੋਂ ਲਈ ਪਸ਼ੂ ਵੀ ਹਨ, ਜਿਨ੍ਹਾਂ ਜ਼ਰੀਏ ਉਹ ਵਾਧੂ ਆਮਦਨ ਕਮਾ ਰਿਹਾ ਹੈ । ਉਹ 38 ਏਕੜ ਜ਼ਮੀਨ 'ਤੇ ਕਣਕ ਤੇ ਝੋਨੇ ਦੇ ਫ਼ਸਲੀ ਚੱਕਰ ਦੇ ਨਾਲ-ਨਾਲ ਮੱਕੀ, ਆਲੂ ਤੇ ਸਬਜ਼ੀਆਂ ਦੀ ਖੇਤੀ ਵੀ ਕਰਦਾ ਹੈ । ਉਹ ਸਮਝਦਾ ਹੈ ਕਿ ਖੇਤੀਬਾੜੀ ਮੁੱਖ ਤੌਰ 'ਤੇ ਮੌਨਸੂਨ ਅਤੇ ਜ਼ਮੀਨੀ ਪਾਣੀ 'ਤੇ ਨਿਰਭਰ ਹੈ ਅਤੇ ਪੰਜਾਬ ਦੇ ਜ਼ਮੀਨੀ ਪਾਣੀ ਦਾ ਪੱਧਰ ਲਗਾਤਾਰ ਨੀਵਾਂ ਹੋ ਰਿਹਾ ਹੈ, ਜਿਸ ਨਾਲ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੀ ਕਿਰਸਾਨੀ ਨੂੰ ਪਾਣੀ ਦੀ ਲਗਾਤਾਰ ਅਤੇ ਬਹੁਤਾਤ ਵਿੱਚ ਕਮੀ ਨਾਲ ਜੂਝਣਾ ਪੈ ਸਕਦਾ ਹੈ । ਭਵਿੱਖ ਵਿੱਚ ਆਉਣ ਵਾਲੇ ਇਨ੍ਹਾਂ ਹਾਲਾਤ ਨੂੰ ਦੇਖਦੇ ਹੋਏ ਅਮਨਦੀਪ ਸਿੰਘ ਨੇ ਸੋਧੇ ਹੋਏ ਗੰਧਲੇ ਪਾਣੀ ਦੀ ਸਿੰਚਾਈ ਲਈ ਮੁੜ ਵਰਤੋਂ ਦਾ ਕਦਮ ਚੁੱਕਿਆ । ਗੰਦੇ ਪਾਣੀ ਨੂੰ ਸੋਧ ਕੇ ਮੁੜ ਵਰਤੋਂ ਕਰਨੀ ਇੱਕ ਨਿਯਮਤ ਅਤੇ ਭਰੋਸੇਮੰਦ ਪਾਣੀ ਦਾ ਸਰੋਤ ਪ੍ਰਦਾਨ ਕਰਦੀ ਹੈ ਅਤੇ ਇਹ ਯਕੀਨੀ ਬਣਾਉਂਦੀ ਹੈ ਕਿ ਸੋਕੇ ਦੇ ਮੌਸਮ ਦੌਰਾਨ ਵੀ ਫ਼ਸਲਾਂ ਦੀ ਸਹੀ ਸਿੰਜਾਈ ਹੋ ਸਕਦੀ ਹੈ । ਉਹ ਇਹ ਵੀ ਦੱਸਦਾ ਹੈ ਕਿ ਸੋਧੇ ਹੋਏ ਪਾਣੀ ਦੀ ਵਰਤੋਂ ਕਰਕੇ ਉਹ ਕਣਕ ਤੇ ਝੋਨੇ ਵਿੱਚ ਸਿਫ਼ਾਰਸ਼ੀ ਮਾਤਰਾ ਤੋਂ ਵੀ ਤਕਰੀਬਨ 50 ਫ਼ੀਸਦੀ ਘੱਟ ਖਾਦਾਂ ਦੀ ਵਰਤੋਂ ਕਰ ਰਿਹਾ ਹੈ । ਨਾਈਟ੍ਰੋਜਨ ਅਤੇ ਫਾਸਫੋਰਸ ਦੇ ਪੋਸ਼ਕ ਤੱਤ ਸੋਧੇ ਹੋਏ ਗੰਦੇ ਪਾਣੀ ਵਿੱਚ ਪਾਏ ਜਾਂਦੇ ਹਨ, ਜੋ ਮਿੱਟੀ ਦੀ ਉਪਜਾਊ ਸ਼ਕਤੀ ਵਧਾ ਸਕਦੇ ਹਨ ਅਤੇ ਫ਼ਸਲਾਂ ਦੀ ਪੈਦਾਵਾਰ ਵਿੱਚ ਇਜ਼ਾਫ਼ਾ ਕਰ ਸਕਦੇ ਹਨ । ਇਨ੍ਹਾਂ ਦੀ ਵਰਤੋਂ ਨਾਲ ਰਸਾਇਣਕ ਖਾਦਾਂ ਦੀ ਲੋੜ ਘੱਟ ਹੋ ਜਾਂਦੀ ਹੈ, ਜਿਸ ਨਾਲ ਉਤਪਾਦਨ ਖ਼ਰਚਾ ਘੱਟ ਹੁੰਦਾ ਹੈ ਅਤੇ ਖੇਤੀਬਾੜੀ ਹੋਰ ਟਿਕਾਊ ਬਣ ਜਾਂਦੀ ਹੈ । ਸੋਧੇ ਹੋਏ ਗੰਦਲੇ ਪਾਣੀ ਦੇ ਮਾਪਦੰਡ ਸਿੰਜਾਈ ਲਈ ਵਰਤੋਂ ਵਿੱਚ ਆਉਣ ਵਾਲੇ ਪਾਣੀਆਂ ਦੇ ਮਾਪਦੰਡ ਮੁਤਾਬਿਕ ਹੋਣੇ ਚਾਹੀਦੇ ਹਨ ਅਤੇ ਉਸ ਵਿੱਚ ਭਾਰੀ ਤੱਤਾਂ ਦੀ ਮਾਤਰਾ ਨਾਂਹ ਦੇ ਬਰਾਬਰ ਹੋਣੀ ਚਾਹੀਦੀ ਹੈ । ਇਸ ਦੇ ਨਾਲ-ਨਾਲ ਉਸ ਵਿੱਚ ਜੀਵਾਣੂਆਂ ਦੀ ਮਾਤਰਾ ਵੀ ਬਹੁਤ ਘੱਟ ਹੋਣੀ ਚਾਹੀਦੀ ਹੈ । ਸੋਧੇ ਹੋਏ ਪਾਣੀ ਦੀ ਮੁੜ ਵਰਤੋਂ ਦੇ ਨਾਲ-ਨਾਲ ਹਰ ਸਾਲ ਮਿੱਟੀ ਅਤੇ ਪਾਣੀ ਦੀ ਪਰਖ ਯਕੀਨੀ ਬਣਾ ਕੇ ਖੇਤੀਬਾੜੀ ਵਿੱਚ ਜ਼ਰੂਰਤ ਤੋਂ ਵੱਧ ਖਾਦਾਂ ਦੇ ਉਪਯੋਗ ਤੋਂ ਬਚਿਆ ਜਾ ਸਕਦਾ ਹੈ । ਪਾਣੀ ਦੇ ਸੁਧਾਰ ਤੋਂ ਪ੍ਰਾਪਤ ਹੋਏ ਤੱਤ ਨਦੀਆਂ ਦੀ ਥਾਂ ਜ਼ਮੀਨ ਵਿੱਚ ਜਾ ਕੇ ਫ਼ਸਲਾਂ ਦੀ ਖ਼ੁਰਾਕ ਬਣਦੇ ਹਨ ਅਤੇ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਬਚਾਉਂਦੇ ਹਨ । ਸਰਕਾਰਾਂ ਕੋਲੋਂ ਪਾਣੀ ਵਿੱਚ ਸੁਧਾਰ ਲਿਆਉਣ ਲਈ ਤਕਨੀਕੀ ਅਤੇ ਮਸ਼ੀਨੀ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਨਾਲ ਗੰਧਲੇ ਪਾਣੀ ਨੂੰ ਸੁਧਾਰ ਪਲਾਟਾਂ ਤੱਕ ਪਹੁੰਚਾਇਆ ਜਾ ਸਕੇ ਅਤੇ ਸੋਧੇ ਹੋਏ ਪਾਣੀ ਨੂੰ ਖੇਤਾਂ ਤੱਕ ਪਹੁੰਚਦਾ ਕੀਤਾ ਜਾ ਸਕੇ । ਸੋਧੇ ਹੋਏ ਗੰਧਲੇ ਪਾਣੀ ਦੀ ਖੇਤੀ ਵਿੱਚ ਮੁੜ ਵਰਤੋਂ ਸਮੇਂ ਦੀ ਲੋੜ ਹੈ, ਜਿਸ ਨੂੰ ਅੱਜ ਦਾ ਅਗਾਂਹਵਧੂ ਸੋਚ ਰੱਖਣ ਵਾਲਾ ਕਿਸਾਨ ਅਮਨਦੀਪ ਸਿੰਘ ਸਮਝਦਾ ਹੈ ਅਤੇ ਉਹ ਹੋਰ ਕਿਸਾਨ ਵੀਰਾਂ ਲਈ ਇੱਕ ਪ੍ਰੇਰਨਾ ਸਰੋਤ ਹੈ, ਜੋ ਨਾ ਸਿਰਫ਼ ਖਾਦਾਂ ਦੀ ਬੱਚਤ ਕਰ ਰਿਹਾ ਹੈ, ਸਗੋਂ ਜ਼ਮੀਨੀ ਪਾਣੀ ਦੇ ਸੋਮੇ ਨੂੰ ਬਚਾਉਣ, ਮਿੱਟੀ ਦੀ ਗੁਣਵੱਤਾ ਬਰਕਰਾਰ ਰੱਖਣ ਅਤੇ ਵਾਤਾਵਰਨ ਨੂੰ ਬਚਾਉਣ ਵਿੱਚ ਆਪਣਾ ਪੂਰਨ ਯੋਗਦਾਨ ਦੇ ਰਿਹਾ ਹੈ ।

- ਲਖਵਿੰਦਰ ਕੌਰ, ਹਰਸਿਮਰਨ ਕੌਰ, ਸੁਖਜਿੰਦਰ ਸਿੰਘ, ਪਸਾਰ ਸਿੱਖਿਆ ਵਿਭਾਗ ਅਤੇ ਮਿੱਟੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ

ਸਾਉਣੀ ਲਈ ਹਰੇ ਚਾਰੇ ਲਈ ਕਾਸ਼ਤ ਦੇ ਢੰਗ



ਰਾਬਿੰਦਰ ਸਿੰਘ ਸੋਹੂ, ਰੁਚਿਕਾ ਭਾਰਦਵਾਜ ਅਤੇ ਦਵਿੰਦਰਪਾਲ ਸਿੰਘ, ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ

ਹਰੇ ਚਾਰੇ ਦੀ ਉਪਲਬਧਤਾ ਦੁਧਾਰੂ ਪਸ਼ੂਆਂ ਲਈ ਬਹੁਤ ਮਹੱਤਤਾ ਰੱਖਦੀ ਹੈ। ਚੰਗਾ ਅਤੇ ਸੰਤੁਲਤ ਹਰਾ ਚਾਰਾ ਦੁੱਧ ਦੀ ਪੈਦਾਵਾਰ ਵਧਾਉਂਦਾ ਹੈ ਅਤੇ ਦੁਧਾਰੂ ਪਸ਼ੂਆਂ ਦੀ ਸਿਹਤ ਲਈ ਵੀ ਜ਼ਰੂਰੀ ਤੱਤ ਪ੍ਰਦਾਨ ਕਰਦਾ ਹੈ। ਪੰਜਾਬ ਵਿੱਚ 81.2 ਲੱਖ ਪਸ਼ੂ ਹਨ ਜਿਨ੍ਹਾਂ ਵਿੱਚੋਂ 62.4 ਲੱਖ ਵੱਡੇ ਪਸ਼ੂ ਹਨ। ਇਸ ਦੇ ਆਧਾਰ ਤੇ ਇੱਕ ਪਸ਼ੂ ਨੂੰ 31.0 ਕਿਲੋ ਹਰਾ ਚਾਰਾ ਪ੍ਰਤੀ ਦਿਨ ਮਿਲਦਾ ਹੈ ਜੋ ਕਿ ਲੋੜ ਤੋਂ (40 ਕਿਲੋ/ਪਸ਼ੂ/ਦਿਨ) ਬਹੁਤ ਘੱਟ ਹੈ। ਕੁੱਝ ਕਿਸਾਨ ਹਰੇ ਚਾਰੇ ਦੀ ਕਾਸ਼ਤ ਤੇ ਹੀ ਨਿਰਭਰ ਕਰਦੇ ਹਨ ਅਤੇ ਇਸ ਨੂੰ ਮੰਡੀ ਵਿੱਚ ਵੇਚ ਕੇ ਆਪਣੀ ਆਜੀਵਿਕਾ ਕਮਾਉਂਦੇ ਹਨ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਹਰੇ ਚਾਰੇ ਦਾ ਵਧੀਆ ਝਾੜ ਲੈਣ ਲਈ ਕਿਸਾਨਾਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕੀਤੀਆਂ ਕਿਸਮਾਂ ਅਤੇ ਉਨ੍ਹਾਂ ਦੀ ਕਾਸ਼ਤ ਦੇ ਢੰਗ ਅਪਨਾਉਣੇ ਚਾਹੀਦੇ ਹਨ। ਹਰੇ ਚਾਰੇ ਦਾ ਚੰਗਾ ਝਾੜ ਲੈਣ ਲਈ ਕਿਸਾਨਾਂ ਨੂੰ ਕੁਝ ਜ਼ਰੂਰੀ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ ਜੋ ਕਿ ਹੇਠਾਂ ਦਿੱਤੀਆਂ ਗਈਆਂ ਹਨ :

ਜ਼ਰੂਰੀ ਨੁਕਤੇ :

★ ਚਾਰਿਆਂ ਦੀਆਂ ਫਸਲਾਂ ਨੂੰ ਹਮੇਸ਼ਾਂ ਦੂਸਰੀਆਂ ਫਸਲਾਂ, ਜਿਨ੍ਹਾਂ ਉੱਪਰ ਕੀਟਨਾਸ਼ਕਾਂ ਦੀ ਜ਼ਿਆਦਾ ਵਰਤੋਂ ਹੁੰਦੀ ਹੈ, ਤੋਂ ਦੂਰ ਬੀਜੋ।

★ ਕਣਕ ਵਿੱਚ ਜਿੱਥੇ ਗੁੱਲੀ ਡੰਡੇ ਦੀ ਰੋਕਥਾਮ ਲਈ ਲੀਡਰ/ਐੱਸ ਔਫ 10 / ਸਫਲ / ਮਾਰਕਸਲਫੋ / ਟੋਟਲ / ਮਾਰਕਪਾਵਰ / ਨਦੀਨ-ਨਾਸ਼ਕ ਵਰਤੇ ਗਏ ਹੋਣ, ਉਨ੍ਹਾਂ ਖੇਤਾਂ ਵਿੱਚ ਚਰ੍ਹੀ ਜਾਂ ਮੱਕੀ ਨਾ ਬੀਜੋ।

★ ਪਸ਼ੂਆਂ ਦੇ ਦਾਣੇ ਦੇ ਮੁਕਾਬਲੇ ਫਲੀਦਾਰ ਚਾਰੇ ਤੋਂ ਪ੍ਰੋਟੀਨ ਸਸਤੇ ਭਾਅ ਮਿਲਦੀ ਹੈ ਅਤੇ ਹਰਾ ਚਾਰਾ ਤਾਕਤ ਭਰਪੂਰ ਹੁੰਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਰਲਿਆ ਮਿਲਿਆ ਚਾਰਾ ਪੈਦਾ ਕੀਤਾ ਜਾਵੇ, ਜਿਸ ਵਿੱਚ ਫਲੀਦਾਰ ਚਾਰੇ ਜਿਵੇਂ ਕਿ ਰਵਾਂਹ, ਗੁਆਰਾ ਅਤੇ ਗੈਰ ਫਲੀਦਾਰ ਚਾਰੇ ਜਿਵੇਂ ਮੱਕੀ, ਜੁਆਰ, ਬਾਜਰਾ ਆਦਿ ਮਿਲਾ ਕੇ ਬੀਜੇ ਜਾਣ।

★ ਚਾਰਿਆਂ ਦੀ ਬਿਜਾਈ ਸਹੀ ਸਮੇਂ ਤੇ ਕਰੋ ਅਤੇ ਬਿਜਾਈ ਤੋਂ ਪਹਿਲਾਂ ਬੀਜ ਦੀ ਸੋਧ ਜ਼ਰੂਰ ਕਰੋ।

★ ਚਾਰਿਆਂ ਵਿੱਚ ਖਾਦਾਂ ਦੀ ਸੰਤੁਲਿਤ ਵਰਤੋਂ ਕਰੋ।

★ ਵਧੀਆ ਗੁਣਵੱਤਾ ਅਤੇ ਖੁਰਾਕੀ ਤੱਤਾਂ ਨਾਲ ਭਰਪੂਰ ਚਾਰਾ ਲੈਣ ਲਈ ਚਾਰੇ ਦੀ ਕਟਾਈ ਸਹੀ ਅਵਸਥਾ ਤੇ ਕਰੋ।

★ ਚਾਰੇ ਦੀ ਫਸਲ ਨੂੰ ਕੱਟਣ ਤੋਂ ਇਕ ਹਫਤਾ ਪਹਿਲਾਂ ਪਾਣੀ ਜ਼ਰੂਰ ਲਾਓ, ਕਿਉਂਕਿ ਸੋਕੇ ਦੀ ਹਾਲਤ ਵਿੱਚ ਚਰ੍ਹੀ ਅਤੇ ਬਾਜਰੇ ਦੇ ਚਾਰੇ ਵਿੱਚ ਜ਼ਹਿਰੀਲਾਪਨ ਵੱਧ ਜਾਂਦਾ ਹੈ।

★ ਚਾਰਿਆਂ ਵਿੱਚ ਗੈਰ ਸਿਫਾਰਿਸ਼ ਰਸਾਇਣਾਂ (ਕੀਟ/ਉੱਲੀਨਾਸ਼ਕਾਂ) ਦੀ ਵਰਤੋਂ ਨਾ ਕਰੋ। ਚਾਰਿਆਂ ਵਿੱਚ ਬਿਮਾਰੀ ਅਤੇ ਕੀੜਿਆਂ ਦੇ ਹਮਲੇ ਵਾਲੇ ਬੂਟੇ ਪੁੱਟ ਕੇ ਨਸ਼ਟ ਕਰ ਦਿਓ।

★ ਵੱਧ ਸੈਲੀਨੀਅਮ ਵਾਲੀਆਂ ਜ਼ਹਿਰੀਲੀਆਂ ਜ਼ਮੀਨਾਂ ਵਿੱਚ ਉਗਾਏ ਹੋਏ ਚਾਰੇ ਨੂੰ ਪਸ਼ੂਆਂ ਦੀ ਖੁਰਾਕ ਵਿੱਚ ਕਦੇ ਵੀ ਸ਼ਾਮਲ ਨਹੀਂ ਕੀਤਾ ਜਾਣਾ ਚਾਹੀਦਾ।

★ ਨਵੰਬਰ-ਦਸੰਬਰ ਅਤੇ ਮਈ-ਜੂਨ ਦੇ ਮਹੀਨਿਆਂ ਵਿੱਚ ਪਸ਼ੂਆਂ ਲਈ ਚਾਰੇ ਦੀ ਸਖਤ ਘਾਟ ਨੂੰ ਚਾਰੇ ਦੇ ਆਚਾਰ ਅਤੇ ਹੇਅ ਨਾਲ ਪੂਰਾ ਕੀਤਾ ਜਾ ਸਕਦਾ ਹੈ।

ਪੰਜਾਬ ਵਿੱਚ ਚਾਰੇ ਦੀਆਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕੀਤੀਆਂ ਮੁੱਖ ਫਸਲਾਂ ਦੀਆਂ ਕਿਸਮਾਂ ਅਤੇ ਉਨ੍ਹਾਂ ਦੀ ਕਾਸ਼ਤ ਦਾ ਵੇਰਵਾ ਹੇਠਾਂ ਦਰਸਾਇਆ ਗਿਆ ਹੈ।

ਚਾਰੇ ਦੀਆਂ ਮੁੱਖ ਫਸਲਾਂ ਦੀਆਂ ਕਿਸਮਾਂ :

1) **ਮੱਕੀ** : ਮੱਕੀ ਸਾਉਣੀ ਦੀ ਮੁੱਖ ਫਸਲ ਹੈ ਅਤੇ ਇਕ ਖੇਤ ਵਿੱਚੋਂ ਇਸ ਦੀਆਂ 2-3 ਫਸਲਾਂ ਲਈਆਂ ਜਾ ਸਕਦੀਆਂ ਹਨ। ਇਸ ਵਿਚ ਜੁਆਰ ਅਤੇ ਬਾਜਰੇ ਨਾਲੋਂ ਵੱਧ ਪ੍ਰੋਟੀਨ ਹੁੰਦੀ ਹੈ, ਜਿਸ ਕਰਕੇ ਇਸ ਫਸਲ ਦੇ ਚਾਰੇ ਨੂੰ ਦੁਧਾਰੂ ਪਸ਼ੂਆਂ ਲਈ ਵਧੀਆ ਗਿਣਿਆ ਜਾਂਦਾ ਹੈ। ਮੱਕੀ ਦੀ ਉੱਨਤ ਕਿਸਮ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ :

ਜੇ-1006 : ਇਸ ਕਿਸਮ ਦੇ ਪੌਦੇ ਉੱਚੇ, ਫੈਲਵੇਂ ਅਤੇ ਚੌੜੇ ਪੱਤਿਆਂ ਵਾਲੇ ਹੁੰਦੇ ਹਨ। ਇਸ ਕਿਸਮ ਨੂੰ ਝੁਲਸ ਰੋਗ ਅਤੇ ਭੂਰੀਆਂ ਧਾਰੀਆਂ ਦਾ ਰੋਗ ਕੁਝ ਹੱਦ ਤੱਕ ਨਹੀਂ ਲੱਗਦਾ। ਇਸ ਨੂੰ ਛੱਲੀਆਂ ਦਰਮਿਆਨੀਆਂ ਉੱਚੀਆਂ ਲੱਗਦੀਆਂ ਹਨ। ਇਸ ਕਿਸਮ ਦੀਆਂ ਛੱਲੀਆਂ ਦੇ ਦਾਣੇ ਚਿੱਟੇ, ਮੋਟੇ ਅਤੇ ਕੁੱਝ ਚਿੱਬੇ ਹੁੰਦੇ ਹਨ। ਤਕਰੀਬਨ 165 ਕੁਇੰਟਲ ਪ੍ਰਤੀ ਏਕੜ ਹਰਾ ਚਾਰਾ ਦਿੰਦੀ ਹੈ।

ਜੇਕਰ ਜੇ-1006 ਕਿਸਮ ਦਾ ਬੀਜ ਨਾ ਮਿਲੇ ਤਾਂ ਮੱਕੀ ਦੀਆਂ ਕੰਪੋਜ਼ਿਟ ਕਿਸਮਾਂ ਜਿਵੇਂ ਪ੍ਰਭਾਤ, ਕੇਸਰੀ ਅਤੇ ਮੇਘਾ ਵੀ ਚਾਰੇ ਦੇ ਤੌਰ ਤੇ ਬੀਜੀਆਂ ਜਾ ਸਕਦੀਆਂ ਹਨ, ਪਰ ਜੇਕਰ ਬਿਜਾਈ ਪਿਛੇਤੀ ਕਰਨੀ ਹੋਵੇ (ਅਗਸਤ ਦੇ ਆਖਰੀ ਹਫਤੇ ਤੋਂ ਪਿਛੋਂ) ਕੇਸਰੀ ਅਤੇ ਮੇਘਾ ਕਿਸਮਾਂ ਨਾ ਬੀਜੋ ਕਿਉਂਕਿ ਇਨ੍ਹਾਂ ਉੱਤੇ ਠੰਡ ਦਾ ਮਾੜਾ ਅਸਰ ਹੁੰਦਾ ਹੈ।



2) **ਜੁਆਰ** : ਇਸ ਨੂੰ ਚਰ੍ਹੀ ਵੀ ਕਿਹਾ ਜਾਂਦਾ ਹੈ ਅਤੇ ਸਾਉਣੀ ਵਿੱਚ ਸਭ ਤੋਂ ਵੱਧ ਰਕਬਾ ਇਹ ਫਸਲ ਹੇਠ ਬੀਜਿਆ ਜਾਂਦਾ ਹੈ। ਇਹ ਫਸਲ ਮੱਕੀ ਅਤੇ ਬਾਜਰੇ ਨਾਲੋਂ ਵੱਧ ਦੇਰ ਤੱਕ ਹਰੀ ਰਹਿੰਦੀ ਹੈ ਅਤੇ ਪਸ਼ੂ ਵੀ ਵਧੇਰੇ ਖੁਸ਼ ਹੋ ਕੇ ਖਾਂਦੇ ਹਨ। ਜੁਆਰ ਦੀਆਂ ਉੱਨਤ ਕਿਸਮਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ :

ਪੰਜਾਬ ਸੂਡੈਕਸ ਚਰ੍ਹੀ-4 : ਇਹ ਕਈ ਲੋਅ ਦੇਣ ਵਾਲੀ ਦੋਗਲੀ ਕਿਸਮ ਹੈ। ਇਸ ਕਿਸਮ ਦੇ ਬੂਟੇ ਲੰਮੇ ਅਤੇ ਪੱਤੇ ਚੌੜੇ ਹੁੰਦੇ ਹਨ। ਇਸ ਕਿਸਮ ਵਿੱਚ ਲਾਲ ਧੱਬੇ ਅਤੇ ਸ਼ਾਖ ਦੀ ਮੱਖੀ ਦੇ ਹਮਲੇ ਨੂੰ ਸਹਾਰਨ ਦੀ ਸਮਰੱਥਾ ਹੈ। ਸਮੇਂ ਸਿਰ ਬੀਜੀ ਫਸਲ ਤਿੰਨ ਚੰਗੀਆਂ ਕਟਾਈਆਂ ਵਿੱਚ 445 ਕੁਇੰਟਲ ਪ੍ਰਤੀ ਏਕੜ ਹਰਾ ਚਾਰਾ ਦਿੰਦੀ ਹੈ।

ਪੰਜਾਬ ਸੂਡੈਕਸ ਚਰ੍ਹੀ-1 : ਇਹ ਵੀ ਕਈ ਲੋਅ ਦੇਣ ਵਾਲੀ ਦੋਗਲੀ ਕਿਸਮ ਹੈ। ਇਸ ਕਿਸਮ ਦੇ ਬੂਟੇ ਲੰਮੇ ਅਤੇ ਪੱਤੇ ਚੌੜੇ ਹੁੰਦੇ ਹਨ। ਇਸ ਦੇ ਟਾਂਡੇ ਰਸੀਲੇ ਅਤੇ ਮਿੱਠੇ ਹੁੰਦੇ ਹਨ। ਸਮੇਂ ਸਿਰ ਬੀਜੀ ਫਸਲ ਤਿੰਨ ਚੰਗੀਆਂ ਕਟਾਈਆਂ ਵਿੱਚ 480 ਕੁਇੰਟਲ ਪ੍ਰਤੀ ਏਕੜ ਹਰਾ ਚਾਰਾ ਦਿੰਦੀ ਹੈ।

ਐੱਸ ਐੱਲ-44 : ਇਹ ਇੱਕ ਕਟਾਈ ਦੇਣ ਵਾਲੀ, ਮਿੱਠੀ, ਰਸੀਲੀ ਅਤੇ ਪਤਲੇ ਤਣਿਆਂ ਵਾਲੀ ਕਿਸਮ ਹੈ। ਇਸ ਕਿਸਮ ਵਿੱਚ ਪਚਣਯੋਗ ਸੁੱਕਾ ਮਾਦਾ ਬਹੁਤ ਹੁੰਦਾ ਹੈ। ਇਹ ਕਿਸਮ ਲਾਲ ਧੱਬਿਆਂ ਦੇ ਰੋਗ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ। ਇਸ ਕਿਸਮ ਤੋਂ ਔਸਤਨ 240 ਕੁਇੰਟਲ ਪ੍ਰਤੀ ਏਕੜ ਹਰਾ ਚਾਰਾ ਮਿਲ ਜਾਂਦਾ ਹੈ।

3) **ਬਾਜਰਾ** : ਬਾਜਰਾ ਚਾਰੇ ਦੀ ਜਲਦੀ ਵੱਧਣ ਵਾਲੀ ਸਖਤ ਫਸਲ ਹੈ ਅਤੇ ਖਰਾਬ ਜਲਵਾਯੂ ਵਿੱਚ ਵੀ ਵਧੀਆ ਹੋ ਜਾਂਦੀ ਹੈ। ਬਾਜਰਾ ਹਲਕੀਆਂ ਅਤੇ ਘੱਟ ਸਿੱਲ੍ਹ ਵਾਲੀਆਂ ਜ਼ਮੀਨਾਂ ਵਿੱਚ ਵੀ ਉਗਾਇਆ ਜਾ ਸਕਦਾ ਹੈ। ਇਹ ਗਰਮ ਅਤੇ ਖੁਸ਼ਕ ਮੌਸਮ ਨੂੰ ਸਹਾਰ ਸਕਦਾ ਹੈ। ਬਾਜਰੇ ਦੀਆਂ ਉੱਨਤ ਕਿਸਮਾਂ ਦਾ ਵੇਰਵਾ ਹੇਠਾਂ ਦਰਸਾਇਆ ਗਿਆ ਹੈ :

ਪੀ ਐੱਚ ਬੀ ਐੱਫ-1 : ਇਹ ਬਾਜਰੇ ਦੀ ਹਰੇ ਚਾਰੇ ਲਈ ਬਹੁਤੀਆਂ ਕਟਾਈਆਂ ਦੇਣ ਵਾਲੀ ਦੋਗਲੀ ਕਿਸਮ ਹੈ। ਇਸ ਕਿਸਮ ਦੇ ਪੌਦੇ 198 ਸੈਂਟੀਮੀਟਰ ਉੱਚੇ ਹੁੰਦੇ ਹਨ, ਜਿਨ੍ਹਾਂ ਦਾ ਤਣਾ ਨਰਮ ਹੁੰਦਾ ਹੈ। ਇਸ ਦੇ ਪੜਸੂਏ ਕਾਫੀ ਹੁੰਦੇ ਹਨ ਅਤੇ ਪੱਤੇ ਲੰਬੇ ਅਤੇ ਚੌੜੇ ਹੁੰਦੇ ਹਨ। ਇਹ ਕਿਸਮ ਬਿਮਾਰੀਆਂ ਨੂੰ ਸਹਾਰਨ ਦੀ ਸਮਰੱਥਾ ਰੱਖਦੀ ਹੈ। ਇਹ ਕਿਸਮ ਹਰੇ ਚਾਰੇ ਦਾ ਝਾੜ 256 ਕੁਇੰਟਲ ਪ੍ਰਤੀ ਏਕੜ ਦਿੰਦੀ ਹੈ।

ਪੀ ਸੀ ਬੀ-164 : ਇਹ ਛੇਤੀ ਵਧਣ ਵਾਲੀ ਕੰਪੋਜ਼ਿਟ ਕਿਸਮ ਹੈ। ਇਸ ਕਿਸਮ ਦੇ ਪੌਦੇ 207 ਸੈਂਟੀਮੀਟਰ ਉੱਚੇ ਹੁੰਦੇ ਹਨ ਅਤੇ ਟਾਂਡੇ ਦਰਮਿਆਨੇ ਮੋਟੇ ਹੁੰਦੇ ਹਨ। ਇਹ ਕਿਸਮ ਹਰੇ ਸਿੱਟੇ ਦੇ ਰੋਗਾਂ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ। ਇਹ ਕਿਸਮ ਹਰੇ ਚਾਰੇ ਦਾ ਝਾੜ ਤਕਰੀਬਨ 210 ਕੁਇੰਟਲ ਪ੍ਰਤੀ ਏਕੜ ਦਿੰਦੀ ਹੈ।

ਐੱਫ ਸੀ ਬੀ-16 : ਇਹ ਬਾਜਰੇ ਦੀ ਕੰਪੋਜ਼ਿਟ ਕਿਸਮ ਸਿਰਫ ਚਾਰੇ ਲਈ ਹੀ ਬੀਜੀ ਜਾਂਦੀ ਹੈ। ਇਹ ਕਿਸਮ ਦੂਜੀਆਂ ਕਿਸਮਾਂ ਨਾਲੋਂ 8-10 ਦਿਨ ਦੇਰ ਨਾਲ ਫੁੱਲਾਂ ਤੇ ਆਉਂਦੀ ਹੈ, ਜਿਸ ਕਰਕੇ ਲੰਬੇ ਸਮੇਂ ਤੱਕ ਹਰੀ ਰਹਿੰਦੀ ਹੈ। ਇਸ ਕਿਸਮ ਦੇ ਪੌਦਿਆਂ ਦੀ ਉਚਾਈ 235 ਸੈਂਟੀਮੀਟਰ ਹੁੰਦੀ ਹੈ ਅਤੇ ਪੱਤੇ ਚੌੜੇ ਅਤੇ ਲੰਬੇ ਹੁੰਦੇ ਹਨ। ਇਸ ਵਿੱਚ ਔਗਜ਼ਾਲੇਟ ਦੀ ਮਾਤਰਾ ਕਾਫੀ ਘੱਟ ਹੁੰਦੀ ਹੈ। ਇਹ ਮੁੱਖ ਬਿਮਾਰੀਆਂ ਦਾ ਟਾਕਰਾ ਕਰਨ ਦੀ ਸਮਰੱਥਾ ਰੱਖਦੀ ਹੈ। ਇਸ ਦਾ ਹਰੇ ਚਾਰੇ ਦਾ ਔਸਤਨ ਝਾੜ 230 ਕੁਇੰਟਲ ਪ੍ਰਤੀ ਏਕੜ ਹੈ।

ਚਾਰੇ ਦੀਆਂ ਮੁੱਖ ਫਸਲਾਂ ਦੇ ਕਾਸ਼ਤ ਦੇ ਢੰਗ

ਕਾਸ਼ਤ ਦੇ ਢੰਗ	ਮੱਕੀ	ਜੁਆਰ	ਬਾਜਰਾ
ਬਿਜਾਈ ਦਾ ਸਮਾਂ	ਮਾਰਚ ਤੋਂ ਅੱਧ ਸਤੰਬਰ ਤੱਕ	ਅਪ੍ਰੈਲ ਦੇ ਆਖਰੀ ਹਫਤੇ ਤੋਂ ਮਈ ਦੋਗਲੀ ਚਰ੍ਹੀ ਲਈ ਅੱਧ ਜੂਨ ਤੋਂ ਅੱਧ ਜੁਲਾਈ ਐਸ ਐਲ-44 ਲਈ	ਮਾਰਚ ਤੋਂ ਮਈ ਤੱਕ ਅਗੇਤੀ ਫਸਲ ਰਵਾਂਹ ਨਾਲ ਰਲਾ ਕੇ ਬੀਜੋ
ਬੀਜ ਦੀ ਮਾਤਰਾ	30 ਕਿਲੋ/ਏਕੜ 15 ਕਿਲੋ/ਏਕੜ ਜੇਕਰ ਰਵਾਂਹ ਰਲਾ ਕੇ ਬੀਜਣੇ ਹੋਣ	20-25 ਕਿਲੋ ਐਸ ਐਲ-44 ਲਈ; 15 ਕਿਲੋ ਦੋਗਲੀ ਚਰ੍ਹੀ ਲਈ	6-8 ਕਿਲੋ/ਏਕੜ
ਕਤਾਰਾਂ ਵਿਚਕਾਰ	30 ਸੈਂਟੀਮੀਟਰ	22 ਸੈਂਟੀਮੀਟਰ ਐਸ ਐਲ-44 ਲਈ	ਬਿਜਾਈ ਛੱਟੇ ਨਾਲ ਕਰੋ
ਫਾਸਲਾ		30 ਸੈਂਟੀਮੀਟਰ ਦੋਗਲੀ ਚਰ੍ਹੀ ਲਈ	ਬਾਰਾਨੀ ਇਲਾਕਿਆਂ ਵਿੱਚ 22 ਸੈ.ਮੀ. ਵਿੱਥ ਵਾਲੀਆਂ ਕਤਾਰਾਂ ਵਿੱਚ
ਬੀਜ ਦੀ ਸੋਧ	3 ਗ੍ਰਾਮ ਬਾਵਿਸਟਨ ਜਾਂ ਐਗਰੋਜ਼ਿਮ 50 ਡਬਲਯੂ ਪੀ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ	--	3 ਗ੍ਰਾਮ ਐਗਰੋਜ਼ਿਮ 50 ਡਬਲਯੂ ਪੀ+ਥੀਰਮ (1:1) ਜਾਂ ਐਗਰੋਜ਼ਿਮ + ਕੈਪਟਾਨ (1:1) ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ
ਖਾਦਾਂ ਪ੍ਰਤੀ ਏਕੜ	ਖੇਤ ਤਿਆਰ ਕਰਨ ਤੋਂ ਪਹਿਲਾਂ 10 ਟਨ ਰੂੜੀ ਦੀ ਖਾਦ ਬਿਜਾਈ ਸਮੇਂ 55 ਕਿਲੋ ਯੂਰੀਆ ਅਤੇ 150 ਕਿਲੋ ਸਿੰਗਲ ਸੁਪਰ ਫਾਸਫੇਟ ਫਿਰ 3-4 ਹਫਤੇ ਬਾਅਦ 55 ਕਿਲੋ ਯੂਰੀਆ ਪਾਉ ਜੇਕਰ 27 ਕਿਲੋ ਡੀ ਏ ਪੀ ਪਾਈ ਹੈ ਤਾਂ 10 ਕਿਲੋ ਯੂਰੀਆ ਘਟਾ ਦਿਉ	ਬਾਰਾਨੀ ਇਲਾਕੇ ਵਿੱਚ 44 ਕਿਲੋ ਯੂਰੀਆ ਬਿਜਾਈ ਸਮੇਂ ਪੌਰੋ ਅਤੇ ਸੇਂਜੂ ਇਲਾਕਿਆਂ 44 ਕਿਲੋ ਯੂਰੀਆ ਅਤੇ 50 ਕਿਲੋ ਸਿੰਗਲ ਸੁਪਰ ਫਾਸਫੇਟ ਪਾਉ। ਇਕ ਮਹੀਨੇ ਪਿਛੋਂ 44 ਕਿਲੋ ਯੂਰੀਆ ਛੱਟੇ ਨਾਲ ਪਾਉ। ਦੂਜੀਆਂ ਕਟਾਈਆਂ ਲਈ ਪਹਿਲੇ ਪਾਣੀ ਤੋਂ ਪਿੱਛੋਂ 88 ਕਿਲੋ ਯੂਰੀਆ ਫਿਰ ਪਾਉ।	ਖੇਤ ਤਿਆਰ ਕਰਨ ਤੋਂ ਪਹਿਲਾਂ 10 ਟਨ ਰੂੜੀ ਦੀ ਖਾਦ ਬਿਜਾਈ ਸਮੇਂ 22 ਕਿਲੋ ਯੂਰੀਆ ਫਿਰ 3-4 ਹਫਤੇ ਬਾਅਦ 22 ਕਿਲੋ ਯੂਰੀਆ ਪਾਉ
ਸਿੰਚਾਈ	ਗਰਮ ਰੁੱਤ ਵਿੱਚ 4-5 ਪਾਣੀ ਅਤੇ ਸਾਉਣੀ ਵਿੱਚ ਬਰਸਾਤ ਦੇ ਹਿਸਾਬ ਨਾਲ	ਅਗੇਤੇ ਮੌਸਮ ਦੇ ਚਾਰੇ ਲਈ 4-5 ਪਾਣੀ ਅਤੇ ਬਰਸਾਤ ਵਿੱਚ 1-2 ਪਾਣੀ	ਆਮ ਕਰਕੇ ਪਾਣੀ 2-3 ਕਾਫੀ ਹਨ। ਚੰਗਾ ਹੋਵੇਗਾ ਜੇ ਪਾਣੀ ਹਲਕੇ ਅਤੇ ਬਹੁਤੇ ਦਿੱਤੇ ਜਾਣ।
ਨਦੀਨਾਂ ਦੀ ਰੋਕਥਾਮ	ਬਿਜਾਈ ਤੋਂ ਦੋ ਦਿਨ ਦੇ ਵਿੱਚ 500-800 ਗ੍ਰਾਮ ਐਟਰਾਟਾਫ 50 ਡਬਲਯੂ ਪੀ 200 ਲੀਟਰ ਪਾਣੀ ਵਿੱਚ ਘੋਲ ਕੇ ਵਰਤੋ। ਜੇਕਰ ਵਿੱਚ ਰਵਾਂਹ ਬੀਜੇ ਹੋਣ ਤਾਂ ਐਟਰਾਟਾਫ ਦੀ ਵਰਤੋਂ ਨਾ ਕਰੋ ਅਤੇ ਇਕ ਲੀਟਰ ਸਟੌਂਪ 30 ਤਾਕਤ 200 ਲੀਟਰ ਪਾਣੀ ਵਿੱਚ ਘੋਲ ਕੇ ਕਰੋ।	ਬਿਜਾਈ ਤੋਂ ਦੋ ਦਿਨ ਦੇ ਵਿੱਚ 400 ਗ੍ਰਾਮ ਐਟਰਾਟਾਫ 50 ਡਬਲਯੂ ਪੀ 200 ਲੀਟਰ ਪਾਣੀ ਵਿੱਚ ਘੋਲ ਕੇ ਵਰਤੋ। ਜੇਕਰ ਵਿੱਚ ਗੁਆਰਾ ਬੀਜਿਆ ਹੋਵੇ ਤਾਂ ਐਟਰਾਟਾਫ ਦੀ ਵਰਤੋਂ ਨਾ ਕਰੋ ਅਤੇ ਇਕ ਲੀਟਰ ਸਟੌਂਪ 30 ਤਾਕਤ 200 ਲੀਟਰ ਪਾਣੀ ਵਿੱਚ ਘੋਲ ਕੇ ਕਰੋ।	ਬਿਜਾਈ ਤੋਂ ਦੋ ਦਿਨ ਦੇ ਵਿੱਚ 200 ਗ੍ਰਾਮ ਐਟਰਾਟਾਫ 50 ਡਬਲਯੂ ਪੀ 200 ਲੀਟਰ ਪਾਣੀ ਵਿੱਚ ਘੋਲ ਕੇ ਵਰਤੋ।
ਕਟਾਈ	ਜਦੋਂ ਮੱਕੀ ਦੀ ਫਸਲ ਦੋਦੇ ਤੇ ਹੋਵੇ ਅਤੇ ਦਾਣੇ ਨਰਮ ਹੋਣ (ਬਿਜਾਈ ਤੋਂ 50-60 ਦਿਨਾਂ ਪਿਛੋਂ ਤੋਂ)	ਦੋਗਲੀ ਚਰ੍ਹੀ ਲਈ ਪਹਿਲਾ ਲੋਅ 55 ਤੋਂ 65 ਦਿਨਾਂ ਪਿਛੋਂ ਅਤੇ ਬਾਕੀ ਲੋਅ 35-40 ਦਿਨਾਂ ਦੇ ਫਰਕ ਨਾਲ, ਅਤੇ ਐਸ ਐਲ-44 ਲਈ ਬਿਜਾਈ ਤੋਂ 65-80 ਦਿਨਾਂ ਪਿਛੋਂ	ਬਿਜਾਈ ਤੋਂ 45-55 ਦਿਨਾਂ ਪਿੱਛੋਂ ਜਦੋਂ ਸਿੱਟੇ ਨਿਕਲਣੇ ਸ਼ੁਰੂ ਹੋਣ ਫਸਲ ਦੇ 50 ਪ੍ਰਤੀਸ਼ਤ ਸਿੱਟੇ ਨਹੀਂ ਨਿਕਲਣੇ ਚਾਹੀਦੇ।



ਕਦੋਂ ਤੱਕ ਖ਼ੁਦਕੁਸ਼ੀਆਂ ਕਰਦੇ ਰਹਿਣਗੇ ਕਿਸਾਨ ਤੇ ਖੇਤ ਮਜ਼ਦੂਰ ?

ਸੂਚਨਾ ਕ੍ਰਾਂਤੀ ਦੇ ਇਸ ਦੌਰ ਵਿੱਚ ਹਰ ਰੋਜ਼ ਹਜ਼ਾਰਾਂ ਖ਼ਬਰਾਂ ਵੱਖ-ਵੱਖ ਮਾਧਿਅਮਾਂ ਰਾਹੀਂ ਸਾਡੇ ਤੱਕ ਪਹੁੰਚਦੀਆਂ ਹਨ, ਜਿਨ੍ਹਾਂ 'ਤੇ ਸਰਸਰੀ ਨਜ਼ਰ ਮਾਰ ਕੇ ਅਸੀਂ ਅੱਗੇ ਤੁਰ ਜਾਂਦੇ ਹਾਂ । ਪਰ ਕੁਝ ਖ਼ਬਰਾਂ ਵਿਦੇਸ਼ ਦੀਆਂ ਹੋਣ ਜਾਂ ਆਪਣੇ ਦੇਸ਼ ਦੀਆਂ ਜਾਂ ਆਪਣੇ ਸੂਬੇ ਦੀਆਂ, ਅਜਿਹੀਆਂ ਹੁੰਦੀਆਂ ਹਨ ਜੋ ਸਾਡਾ ਵਿਸ਼ੇਸ਼ ਤੌਰ 'ਤੇ ਧਿਆਨ ਖਿੱਚਦੀਆਂ ਹਨ ਅਤੇ ਸਾਡੇ ਮਨ 'ਤੇ ਗਹਿਰਾ ਪ੍ਰਭਾਵ ਛੱਡਦੀਆਂ ਹਨ ।

ਅੱਜ-ਕੱਲ੍ਹ ਪੰਜਾਬ ਵਿੱਚ ਅੰਮ੍ਰਿਤਸਰ ਦੇ ਵੇਅਰਹਾਊਸ ਕਾਰਪੋਰੇਸ਼ਨ ਦੇ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਦੀ ਖ਼ੁਦਕੁਸ਼ੀ ਦਾ ਮਾਮਲਾ ਖ਼ਾਸ ਤੌਰ 'ਤੇ ਚਰਚਾ ਵਿੱਚ ਹੈ । ਇਸ ਸੰਬੰਧੀ ਪੱਤਰਕਾਰੀ ਹਲਕਿਆਂ ਤੋਂ ਲੈ ਕੇ ਰਾਜਨੀਤਕ ਹਲਕਿਆਂ ਤੱਕ ਦੇ ਪ੍ਰਤੀਕਰਮ ਅਤੇ ਸਰਗਰਮੀਆਂ ਸਾਹਮਣੇ ਆ ਰਹੀਆਂ ਹਨ । ਬਿਨਾ ਸ਼ੱਕ ਇਹ ਮਾਮਲਾ ਮਨ ਨੂੰ ਝੰਜੋੜਨ ਵਾਲਾ ਹੈ । ਪਰ ਇਸੇ ਦੌਰਾਨ ਫ਼ਰੀਦਕੋਟ ਜ਼ਿਲ੍ਹੇ ਦੇ ਪਿੰਡ ਹਰੀਨੌ ਵਿੱਚ ਹੋਰ ਵੀ ਅਜਿਹੀ ਹਿਰਦੇ ਵੇਦਕ ਘਟਨਾ ਵਾਪਰੀ ਹੈ, ਜੋ ਉਪਰੋਕਤ ਬਿਆਨ ਕੀਤੀ ਗਈ ਖ਼ਬਰ ਦੀ ਤਰ੍ਹਾਂ ਹੀ ਮਨ 'ਤੇ ਗਹਿਰਾ ਅਸਰ ਪਾਉਣ ਵਾਲੀ ਹੈ ਅਤੇ ਜ਼ਿਹਨ ਵਿੱਚ ਬਹੁਤ ਸਾਰੇ ਸਵਾਲ ਵੀ ਪੈਦਾ ਕਰਦੀ ਹੈ ।

ਹੋਇਆ ਇਹ ਹੈ ਕਿ ਪਿੰਡ ਹਰੀਨੌ ਦੇ ਦੋ ਕਿਸਾਨ ਭਰਾਵਾਂ ਜਸਕਰਨ ਸਿੰਘ (38) ਅਤੇ ਉਸ ਦੇ ਛੋਟੇ ਭਰਾ ਜਸਵਿੰਦਰ ਸਿੰਘ (34) ਨੇ ਆਪਣੇ ਪਿੰਡ ਦੇ ਨੇੜੇ ਢਾਬ ਬ੍ਰਾਹਮਣ ਵਾਲਾ ਦੇ ਨਾਲ ਦੀ ਲੰਘਦੀ ਰੇਲਵੇ ਲਾਈਨ 'ਤੇ ਜਾ ਕੇ ਇੱਕ ਦੂਜੇ ਦੇ ਹੱਥ ਫੜ ਕੇ ਰੇਲ ਗੱਡੀ ਹੇਠ ਆ ਕੇ ਖ਼ੁਦਕੁਸ਼ੀ ਕਰ ਲਈ । ਦੋਵੇਂ ਭਰਾ ਇੱਕੋ ਐਕਟਿਵਾ 'ਤੇ ਬੈਠ ਕੇ ਇਸ ਸਥਾਨ 'ਤੇ ਆਏ, ਗੱਡੀ ਦੇ ਆਉਣ ਦੀ ਉਡੀਕ ਕੀਤੀ ਤੇ ਜਦੋਂ ਛਿੰਦਵਾੜਾ ਐਕਸਪ੍ਰੈਸ ਟਰੇਨ ਆਈ ਤਾਂ ਉਸ ਦੇ ਥੱਲੇ ਆ ਕੇ ਆਪਣੀਆਂ ਜਾਨਾਂ ਦੇ ਦਿੱਤੀਆਂ । ਉਨ੍ਹਾਂ ਦੀਆਂ ਲਾਸ਼ਾਂ ਤੁੰਬਾ-ਤੁੰਬਾ ਹੋ ਕੇ ਉੱਡ ਗਈਆਂ । ਉਹ ਦੋਵੇਂ ਭਰਾ ਦੋ ਸਕੀਆਂ ਭੈਣਾਂ ਨੂੰ ਵਿਆਹੇ ਹੋਏ ਸਨ । ਦੋਵਾਂ ਦੀ ਇੱਕ-ਇੱਕ ਬੱਚੀ ਵੀ ਹੈ । ਦੋ ਸਕੇ ਭਰਾਵਾਂ ਵਲੋਂ ਇੱਕੋ ਸਮੇਂ ਇੱਕ ਦੂਜੇ ਦੇ ਹੱਥ ਫੜ ਕੇ ਇਸ ਤਰ੍ਹਾਂ ਖ਼ੁਦਕੁਸ਼ੀ ਕਰਨ ਦਾ ਇਹ ਘਟਨਾਕ੍ਰਮ ਵਾਕਿਆ ਹੀ ਬਹੁਤ ਸੰਵੇਦਨਸ਼ੀਲ ਹੈ । ਇਸ ਸੰਬੰਧੀ ਜੋ ਹੋਰ ਜਾਣਕਾਰੀ ਸਾਹਮਣੇ ਆਈ ਹੈ ਉਹ ਇਹ ਹੈ ਕਿ ਦੋਵੇਂ ਭਰਾ ਮਿਲ ਕੇ ਖੇਤੀ ਕਰਦੇ ਸਨ ਤੇ ਉਨ੍ਹਾਂ ਦੀਆਂ 6 ਭੈਣਾਂ ਸਨ, ਜੋ ਵਿਆਹੀਆਂ ਗਈਆਂ ਸਨ । ਛੇ ਭੈਣਾਂ ਤੋਂ ਉਹ ਦੋਵੇਂ ਛੋਟੇ ਸਨ । ਉਨ੍ਹਾਂ ਦੇ ਪਰਿਵਾਰ ਕੋਲ ਸਿਰਫ਼ 1 ਏਕੜ ਜ਼ਮੀਨ ਸੀ । ਇਸ ਲਈ ਦੋਵੇਂ ਭਰਾ ਮਿਲ ਕੇ ਜਿੱਥੇ ਆਪਣੀ ਇਸ ਜ਼ਮੀਨ ਦੀ ਵਾਹੀ ਕਰਦੇ ਸਨ, ਉਥੇ ਉਹ ਠੇਕੇ 'ਤੇ ਵੀ ਜ਼ਮੀਨ ਲੈਂਦੇ ਸਨ । ਉਨ੍ਹਾਂ ਨੇ 25 ਲੱਖ ਦਾ ਕਰਜ਼ਾ ਚੁੱਕਿਆ ਸੀ । ਜੋ ਵੱਧ ਕੇ 50 ਲੱਖ ਤੱਕ ਪਹੁੰਚ ਗਿਆ ਸੀ । ਇਸ ਵਿੱਚੋਂ 25 ਲੱਖ ਦੇ ਲਗਭਗ ਕਰਜ਼ਾ ਉਨ੍ਹਾਂ ਨੇ ਪਿਛਲੇ ਸਮੇਂ ਵਿੱਚ ਆਪਣੀ ਜ਼ਮੀਨ ਦਾ ਕੁਝ ਹਿੱਸਾ ਵੇਚ ਕੇ ਉਤਾਰਿਆ ਵੀ ਸੀ । ਪਰ 25 ਲੱਖ ਦਾ ਬਾਕੀ ਕਰਜ਼ਾ ਉਨ੍ਹਾਂ ਦੇ ਸਿਰ ਖੜ੍ਹਾ ਸੀ । ਆਪਣੇ ਵਲੋਂ ਖਰੀਦੇ ਗਏ ਟਰੈਕਟਰ ਦੀਆਂ ਕਿਸ਼ਤਾਂ ਮੋੜਨ ਦਾ ਦਬਾਅ ਵੀ ਉਨ੍ਹਾਂ ਦੇ ਸਿਰ 'ਤੇ ਸੀ । ਪਰ ਆਰਥਿਕ ਸਥਿਤੀ ਮਾੜੀ ਹੋਣ ਕਾਰਨ ਉਨ੍ਹਾਂ ਤੋਂ ਕਿਸ਼ਤਾਂ ਨਹੀਂ ਸਨ ਮੁੜ ਰਹੀਆਂ । ਇਸ ਕਾਰਨ ਬੈਂਕ ਵਲੋਂ ਉਨ੍ਹਾਂ 'ਤੇ ਕਰਜ਼ਾ ਮੋੜਨ ਲਈ ਦਬਾਅ ਵੀ ਪਾਇਆ ਹੋਇਆ ਸੀ । ਇਸ ਤੋਂ ਅੱਗੇ ਗੱਲ ਇਹ ਹੋਈ ਕਿ ਇਸ ਵਾਰ ਆਲੂਆਂ ਦੇ ਭਾਅ ਜ਼ਿਆਦਾ ਹੇਠਾਂ ਡਿੱਗ ਜਾਣ ਕਾਰਨ ਉਹ ਕਰਜ਼ਾ ਮੋੜਨ ਤੋਂ ਹੋਰ ਵੀ ਜ਼ਿਆਦਾ ਅਸਮਰੱਥ ਹੋ ਗਏ ਸਨ । ਇਸ ਤਰ੍ਹਾਂ ਦੀ ਮਾਨਸਿਕ ਸਥਿਤੀ ਵਿੱਚ ਉਨ੍ਹਾਂ ਨੇ ਆਪਣੇ ਪਿੰਡ ਤੋਂ ਕੁਝ ਦੂਰ ਢਾਬ ਬ੍ਰਾਹਮਣ ਵਾਲਾ ਵਿੱਚ ਜਾ ਕੇ ਗੱਡੀ ਹੇਠਾਂ ਖ਼ੁਦਕੁਸ਼ੀ ਕਰ ਲਈ ।

ਪੰਜਾਬ ਵਿੱਚ ਕਿਸਾਨਾਂ ਜਾਂ ਖੇਤ ਮਜ਼ਦੂਰਾਂ ਵਲੋਂ ਕਰਜ਼ੇ ਤੋਂ ਪ੍ਰੇਸ਼ਾਨ ਹੋ ਕੇ ਖ਼ੁਦਕੁਸ਼ੀ ਕਰਨ ਦਾ ਇਹ ਕੋਈ ਪਹਿਲਾ ਜਾਂ ਆਖ਼ਰੀ ਮਾਮਲਾ ਨਹੀਂ ਹੈ । ਪਿਛਲੇ ਕਈ ਦਹਾਕਿਆਂ ਤੋਂ ਖੇਤੀ ਸੈਕਟਰ ਬੇਹੱਦ ਸੰਕਟ ਨਾਲ ਜੂਝ ਰਿਹਾ ਹੈ । ਸਾਲ ਦਰ ਸਾਲ ਕਿਸਾਨਾਂ ਦੀਆਂ ਲਾਗਤਾਂ ਵਧਦੀਆਂ ਰਹਿੰਦੀਆਂ ਹਨ, ਪਰ ਸਰਕਾਰਾਂ ਦੇ ਸਾਰੇ ਦਾਅਵਿਆਂ ਦੇ ਬਾਵਜੂਦ ਉਨ੍ਹਾਂ ਨੂੰ ਉਨ੍ਹਾਂ ਦੀਆਂ ਫ਼ਸਲਾਂ ਦੇ ਲਾਭਕਾਰੀ ਭਾਅ ਨਹੀਂ ਮਿਲਦੇ । ਖੇਤੀ ਲਾਗਤਾਂ ਇਸ ਕਰਕੇ ਵਧਦੀਆਂ ਹਨ, ਕਿਉਂਕਿ ਖਾਦਾਂ, ਕੀਟਨਾਸ਼ਕ, ਨਦੀਨ ਨਾਸ਼ਕ, ਬੀਜ ਅਤੇ ਖੇਤੀ ਮਸ਼ੀਨਰੀ ਦੇ ਭਾਅ ਨਿਰੰਤਰ ਵਧਦੇ ਰਹਿੰਦੇ ਹਨ । ਖਾਦਾਂ ਤੋਂ ਬਿਨਾਂ ਹੋਰ ਖੇਤੀ ਉਤਪਾਦਨ ਵਿੱਚ ਕੰਮ ਆਉਣ ਵਾਲੀਆਂ ਚੀਜ਼ਾਂ 'ਤੇ ਸਰਕਾਰ ਦਾ ਕੋਈ ਕੰਟਰੋਲ ਨਹੀਂ ਹੈ । ਪਰ ਕਿਸਾਨਾਂ ਦੀਆਂ ਫ਼ਸਲਾਂ, ਖ਼ਾਸ ਕਰਕੇ ਕਣਕ, ਝੋਨਾ ਅਤੇ ਕੁਝ ਹੋਰ ਫ਼ਸਲਾਂ ਦੇ ਭਾਅ ਕੇਂਦਰ ਸਰਕਾਰ ਦੇ ਖੇਤੀ ਲਾਗਤ ਅਤੇ ਕੀਮਤ ਕਮਿਸ਼ਨ ਵਲੋਂ ਤੈਅ ਕੀਤੇ ਜਾਂਦੇ ਹਨ । ਭਾਅ ਮਿੱਥਣ ਸਮੇਂ ਇਸ ਸਰਕਾਰੀ ਕਮਿਸ਼ਨ 'ਤੇ ਕੇਂਦਰ ਸਰਕਾਰ ਦਾ ਹਮੇਸ਼ਾ ਇਹ ਦਬਾਅ ਬਣਿਆ ਰਹਿੰਦਾ ਹੈ ਕਿ ਖੇਤੀ ਜਿਣਸਾਂ ਜ਼ਿਆਦਾ ਮਹਿੰਗੀਆਂ ਨਾ ਹੋ ਜਾਣ, ਜਿਸ ਕਾਰਨ ਖਪਤਕਾਰ ਪ੍ਰਭਾਵਿਤ ਹੋਣ ਅਤੇ ਉਨ੍ਹਾਂ ਦੀ ਸਰਕਾਰ ਨਾਲ ਨਾਰਾਜ਼ਗੀ ਵੱਧ ਜਾਵੇ । ਇਸ ਦੇ ਨਾਲ ਹੀ ਖੇਤੀ ਲਾਗਤ ਤੇ ਕੀਮਤ ਕਮਿਸ਼ਨ ਦੇ ਸਾਹਮਣੇ ਸਰਕਾਰ ਦਾ ਇਸ ਪੱਖ ਤੋਂ ਵੀ ਦਬਾਅ ਹੁੰਦਾ ਹੈ ਕਿ ਸਨਅਤਾਂ ਨੂੰ ਕੱਚਾ ਮਾਲ ਬਹੁਤਾ ਮਹਿੰਗਾ ਨਾ ਮਿਲੇ । ਇਨ੍ਹਾਂ ਦੋਵਾਂ ਦਬਾਵਾਂ ਦੇ ਚਲਦਿਆਂ ਖੇਤੀ ਲਾਗਤ ਅਤੇ ਕੀਮਤ ਕਮਿਸ਼ਨ ਆਮ ਤੌਰ 'ਤੇ ਵਧੀਆਂ ਹੋਈਆਂ ਲਾਗਤਾਂ ਨੂੰ ਮੁੱਖ ਰੱਖ ਕੇ ਹੀ ਨਹੀਂ ਸਗੋਂ ਸਰਕਾਰ ਦੇ ਦਬਾਅ ਨੂੰ ਧਿਆਨ ਵਿੱਚ ਰੱਖ ਕੇ ਵੀ ਫ਼ਸਲਾਂ ਦੇ ਭਾਅ ਨਿਸ਼ਚਿਤ ਕਰਦਾ ਹੈ, ਜਿਹੜੇ ਕਿ ਆਮ ਤੌਰ 'ਤੇ ਲਾਗਤਾਂ ਨਾਲੋਂ ਘੱਟ ਹੀ ਹੁੰਦੇ ਹਨ । ਸਾਲ ਦਰ ਸਾਲ ਖੇਤੀ ਜਿਣਸਾਂ ਦੇ ਘੱਟ ਭਾਅ ਮਿਲਣ ਕਾਰਨ ਕਿਸਾਨ ਕਰਜ਼ੇ ਦੇ ਜਾਲ ਵਿੱਚ ਫ਼ਸ ਜਾਂਦੇ ਹਨ । ਖੇਤੀ ਕਰਨ ਵਾਲੇ ਕਿਸਾਨਾਂ ਦੀ ਦੂਜੀ ਸਮੱਸਿਆ ਇਹ ਵੀ ਹੁੰਦੀ ਹੈ ਕਿ ਪੀੜ੍ਹੀ ਦਰ ਪੀੜ੍ਹੀ ਜੋ ਦੇਸ਼ ਦਾ ਵਿਰਾਸਤੀ ਕਾਨੂੰਨ ਹੈ, ਉਸ ਦੇ ਅਨੁਸਾਰ ਭੈਣ, ਭਰਾਵਾਂ ਵਿੱਚ ਖੇਤੀਬਾੜੀ ਵਾਲੀ ਜ਼ਮੀਨ ਵੰਡੀ ਜਾਂਦੀ ਹੈ । ਜਿਸ ਕਾਰਨ ਖੇਤੀ ਜੋਗਾਂ ਛੋਟੀਆਂ ਹੋ ਜਾਂਦੀਆਂ ਹਨ ਅਤੇ ਛੋਟੇ ਤੇ ਦਰਮਿਆਨੇ ਕਿਸਾਨਾਂ ਲਈ ਖੇਤੀ ਇਸ ਕਾਰਨ ਵੀ ਲਾਹੇਵੰਦੀ ਨਹੀਂ ਰਹਿੰਦੀ । ਜੇਕਰ ਪੰਜਾਬ ਦੀ ਗੱਲ ਕਰੀਏ ਤਾਂ 2015 ਤੋਂ ਲੈ ਕੇ 2020 ਤੱਕ 1453 ਦੇ ਲਗਭਗ ਕਿਸਾਨ ਅਤੇ ਖੇਤ ਮਜ਼ਦੂਰ ਖ਼ੁਦਕੁਸ਼ੀਆਂ ਕਰ ਚੁੱਕੇ ਹਨ । 2015 ਵਿੱਚ 124, 2016 ਵਿੱਚ 180, 2017 ਵਿੱਚ 291, 2018 ਵਿੱਚ 334, 2019 ਵਿੱਚ 302 ਅਤੇ 2020 ਵਿੱਚ 257 ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੇ ਖ਼ੁਦਕੁਸ਼ੀਆਂ ਕੀਤੀਆਂ ਹਨ । ਇਸੇ ਤਰ੍ਹਾਂ ਦੇਸ਼ ਦੇ ਹੋਰ ਰਾਜਾਂ ਤੋਂ ਵੀ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਖ਼ੁਦਕੁਸ਼ੀਆਂ ਕਰਨ ਦੀਆਂ ਖ਼ਬਰਾਂ ਅਕਸਰ ਆਉਂਦੀਆਂ ਰਹਿੰਦੀਆਂ ਹਨ । ਕੌਮੀ ਪੱਧਰ 'ਤੇ ਹਰ ਸਾਲ ਲਗਭਗ 11000 ਕਿਸਾਨ ਤੇ ਖੇਤ ਮਜ਼ਦੂਰ ਖ਼ੁਦਕੁਸ਼ੀਆਂ ਕਰਦੇ ਹਨ । ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦਾ ਮਸਲਾ ਸਮੇਂ-ਸਮੇਂ 'ਤੇ ਸੰਸਦ ਅਤੇ ਰਾਜਾਂ ਦੀਆਂ ਵਿਧਾਨ ਸਭਾਵਾਂ ਵਿੱਚ ਵੀ ਉੱਠਦਾ ਹੈ । ਪਰ ਇਸ ਮਸਲੇ ਨੂੰ ਹੱਲ ਕਰਨ ਲਈ ਸੰਜੀਦਗੀ ਨਾਲ ਨਾ ਕੇਂਦਰ ਸਰਕਾਰ ਅਤੇ ਨਾ ਹੀ ਰਾਜ ਸਰਕਾਰਾਂ ਵਲੋਂ ਕੋਈ ਨੀਤੀਆਂ ਬਣਾਈਆਂ ਜਾਂਦੀਆਂ ਹਨ । ਜਦੋਂ ਕਿ ਦੂਜੇ ਪਾਸੇ ਜੇ ਕੋਈ ਸਨਅਤ ਫ਼ੇਲ੍ਹ ਹੋ ਜਾਂਦੀ ਹੈ ਜਾਂ ਫ਼ੇਲ੍ਹ ਕਰ ਦਿੱਤੀ ਜਾਂਦੀ ਹੈ ਤਾਂ ਸਰਕਾਰਾਂ ਵਲੋਂ ਉਨ੍ਹਾਂ ਦਾ ਕਰੋੜਾਂ ਦਾ ਕਰਜ਼ ਵੱਟੇ ਖਾਤੇ ਪਾ ਦਿੱਤਾ ਜਾਂਦਾ ਹੈ, ਜਾਂ ਕਰੋੜਾਂ ਦਾ ਕਰਜ਼ਾ ਉਸ ਦਾ ਕੁਝ ਹਿੱਸਾ ਲੈ ਕੇ ਹੀ ਖ਼ਤਮ ਕਰ ਦਿੱਤਾ ਜਾਂਦਾ ਹੈ । ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਕਾਰਜਕਾਲ ਦੌਰਾਨ ਜਦੋਂ ਇਹ ਮਸਲਾ ਬਹੁਤ ਭਖਿਆ ਸੀ ਤਾਂ ਉਨ੍ਹਾਂ ਦੀ ਸਰਕਾਰ ਵਲੋਂ ਜ਼ਰੂਰ ਵੱਖ-ਵੱਖ ਰਾਜਾਂ ਵਿੱਚ ਕੁਝ ਹੱਦ ਤੱਕ ਕਿਸਾਨਾਂ ਦੇ ਕਰਜ਼ੇ ਮੁਆਫ਼ ਕੀਤੇ ਗਏ ਸਨ । ਪਰ ਖੇਤੀਬਾੜੀ ਦੇ ਸੰਕਟ ਨੂੰ ਹੱਲ ਕਰਨ ਲਈ ਕੋਈ ਨਵੀਂ ਤੇ ਬਹੁਪੱਖੀ ਨੀਤੀ ਲਿਆਉਣ ਵਿੱਚ ਉਹ ਸਰਕਾਰ ਵੀ ਅਸਫਲ ਹੀ ਰਹੀ ਸੀ ।

ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਸਰਕਾਰ ਨੇ ਇਸ ਖੇਤੀ ਸੰਕਟ ਨੂੰ ਹੱਲ ਕਰਨ ਦਾ ਇੱਕ ਹੀ ਰਸਤਾ ਲੱਭਿਆ ਸੀ, ਕਿ ਖੇਤੀਬਾੜੀ ਕਾਰਪੋਰੇਟਰਾਂ ਦੇ ਹਵਾਲੇ ਕਰ ਦਿੱਤੀ ਜਾਵੇ ਤੇ ਉਹ ਵੱਡੇ-ਵੱਡੇ ਫਾਰਮ ਬਣਾਉਣ ਦੇ ਮਕਸਦ ਨਾਲ ਚਾਹੇ ਕਿਸਾਨਾਂ ਤੋਂ ਜ਼ਮੀਨ ਠੇਕੇ 'ਤੇ ਲੈ ਲੈਣ, ਚਾਹੇ ਖਰੀਦ ਲੈਣ ਅਤੇ ਇਸ ਤਰ੍ਹਾਂ ਕਿਸਾਨ ਆਪਣੀਆਂ ਇਨ੍ਹਾਂ ਜ਼ਮੀਨਾਂ 'ਤੇ ਦਿਹਾੜੀਦਾਰ ਮਜ਼ਦੂਰ ਬਣ ਜਾਣ । ਖੇਤੀਬਾੜੀ ਵਿੱਚ ਕਾਰਪੋਰੇਟਰਾਂ ਨੂੰ ਲਿਆਉਣ ਲਈ ਉਨ੍ਹਾਂ ਨੇ ਤਿੰਨ ਖੇਤੀਬਾੜੀ ਕਾਨੂੰਨ ਬਣਾਏ ਸਨ, ਜਿਨ੍ਹਾਂ ਦਾ ਦੇਸ਼ ਦੇ ਕਿਸਾਨਾਂ ਵੱਲੋਂ ਬਹੁਤ ਤਿੱਖਾ ਵਿਰੋਧ ਕੀਤਾ ਗਿਆ ਅਤੇ ਇੱਕ ਸਾਲ ਤੋਂ ਵੱਧ ਸਮੇਂ ਤੱਕ ਕਿਸਾਨ ਇਨ੍ਹਾਂ ਕਾਨੂੰਨਾਂ ਨੂੰ ਵਾਪਸ ਕਰਵਾਉਣ ਅਤੇ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲਾਂ ਦੀ ਕਾਨੂੰਨੀ ਗਰੰਟੀ ਦਾ ਕਾਨੂੰਨ ਬਣਾਉਣ ਲਈ ਦਿੱਲੀ ਦੀਆਂ ਬਰੂਹਾਂ 'ਤੇ ਇੱਕ ਸਾਲ ਤੋਂ ਵਧੇਰੇ ਸਮੇਂ ਤੱਕ ਅੰਦੋਲਨ ਕਰਦੇ ਰਹੇ ਜਿਸ ਦੌਰਾਨ 700-800 ਦੇ ਲਗਭਗ ਕਿਸਾਨਾਂ ਦੀਆਂ ਮੌਤਾਂ ਵੀ ਹੋ ਗਈਆਂ । ਇਸ ਅੰਦੋਲਨ ਦੇ ਸਿੱਟੇ ਵਜੋਂ 3 ਖੇਤੀ ਕਾਨੂੰਨ ਤਾਂ ਵਾਪਸ ਹੋ ਗਏ ਪਰ ਫ਼ਸਲਾਂ ਦੇ ਸਮਰੱਥਨ ਮੁੱਲ ਦੀ ਗਰੰਟੀ ਸੰਬੰਧੀ ਕਾਨੂੰਨ ਬਣਾਉਣ ਦਾ ਮਾਮਲਾ ਅੱਜ ਤੱਕ ਵੀ ਲਟਕ ਰਿਹਾ ਹੈ । ਕੇਂਦਰ ਸਰਕਾਰ ਨੇ ਇਸ ਸੰਬੰਧੀ ਇੱਕ ਕਮੇਟੀ ਦਾ ਗਠਨ ਕੀਤਾ ਸੀ । ਸੁਪਰੀਮ ਕੋਰਟ ਨੇ ਵੀ ਇਸ ਸੰਬੰਧੀ ਪੈਰਵੀ ਕੀਤੀ ਸੀ । ਪਰ ਕੇਂਦਰ ਸਰਕਾਰ ਵਲੋਂ ਬਣੀ ਕਮੇਟੀ ਦੀਆਂ ਨਾ ਤਾਂ ਮੀਟਿੰਗਾਂ ਲਗਾਤਾਰ ਜਾਰੀ ਰਹੀਆਂ ਅਤੇ ਨਾ ਹੀ ਉਸ ਦੀ ਕੋਈ ਅੰਤਿਮ ਰਿਪੋਰਟ ਸਾਹਮਣੇ ਆਈ । ਦੂਜੇ ਪਾਸੇ ਦੇਸ਼ ਵਿੱਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਪਹਿਲਾਂ ਦੀ ਤਰ੍ਹਾਂ ਜਾਰੀ ਰਹੀਆਂ । ਪੰਜਾਬ ਦੇ ਕਿਸਾਨਾਂ ਦੀਆਂ ਕੁਝ ਜਥੇਬੰਦੀਆਂ ਨੇ ਫ਼ਸਲਾਂ ਦੇ ਸਮਰੱਥਨ ਮੁੱਲ ਦੀ ਕਾਨੂੰਨੀ ਗਾਰੰਟੀ ਹਾਸਿਲ ਲੈਣ ਲਈ 2024 ਵਿੱਚ ਫਿਰ ਤੋਂ ਅੰਦੋਲਨ ਸ਼ੁਰੂ ਕੀਤਾ ਸੀ ਪਰ ਕੇਂਦਰ ਸਰਕਾਰ ਤੇ ਹਰਿਆਣਾ ਦੀ ਸਰਕਾਰ ਨੇ ਕਿਸਾਨਾਂ ਨੂੰ ਅੰਦੋਲਨ ਕਰਨ ਲਈ ਦਿੱਲੀ ਵੱਲ ਜਾਣ ਤੋਂ ਪੰਜਾਬ ਦੀਆਂ ਸਰਹੱਦਾਂ ਸ਼ੰਭੂ ਤੇ ਖਨੌਰੀ 'ਤੇ ਹੀ ਰੋਕ ਦਿੱਤਾ ਅਤੇ ਜਦੋਂ ਕਿਸਾਨਾਂ ਨੇ ਰੋਕਾਂ ਤੋੜ ਕੇ ਇੱਕ ਵਾਰ ਫਿਰ ਦਿੱਲੀ ਵਧਣ ਦਾ ਯਤਨ ਕੀਤਾ ਤਾਂ ਉਨ੍ਹਾਂ 'ਤੇ ਗੋਲ਼ੀਆਂ ਚਲਾਈਆਂ ਗਈਆਂ । ਪੰਜਾਬ ਸਰਕਾਰ ਨੇ ਵੀ ਬਾਅਦ ਵਿੱਚ ਕਿਸਾਨਾਂ ਨੂੰ ਸ਼ੰਭੂ ਤੇ ਖਨੌਰੀ ਦੀਆਂ ਸਰਹੱਦਾਂ ਤੋਂ ਜਬਰੀ ਉਠਾ ਦਿੱਤਾ । ਹੁਣ ਵੀ ਪੰਜਾਬ ਵਿੱਚ ਜਦੋਂ ਕਿਸਾਨ ਜਾਂ ਖੇਤ ਮਜ਼ਦੂਰ ਆਪਣੀਆਂ ਮੰਗਾਂ 'ਤੇ ਮਸਲਿਆਂ ਲਈ ਕੋਈ ਅੰਦੋਲਨ ਕਰਦੇ ਹਨ ਤਾਂ ਉਨ੍ਹਾਂ ਨੂੰ ਲਾਠੀਆਂ ਅਤੇ ਪੁਲਿਸ ਦੀਆਂ ਜ਼ਿਆਦਤੀਆਂ ਦਾ ਹੀ ਸਾਹਮਣਾ ਕਰਨਾ ਪੈਂਦਾ ਹੈ ।

ਅਜੋਕਾ ਪੰਜਾਬ ਜਿਸ ਵਿੱਚ ਵੱਡੀ ਪੱਧਰ 'ਤੇ ਨਸ਼ਾਖੋਰੀ ਪਾਈ ਜਾ ਰਹੀ ਹੈ, ਨੌਜਵਾਨਾਂ ਦੀਆਂ ਨਿਤ ਦਿਨ ਵਧੇਰੇ ਨਸ਼ਾ ਲੈ ਕੇ ਮਰਨ ਦੀਆਂ ਖ਼ਬਰਾਂ ਆਉਂਦੀਆਂ ਹਨ ਜਾਂ ਨੌਜਵਾਨਾਂ ਦੇ ਗੈਂਗਸਟਰਾਂ ਦੇ ਗਿਰੋਹਾਂ ਵਿੱਚ ਸ਼ਾਮਿਲ ਹੋਣ ਅਤੇ ਉਨ੍ਹਾਂ ਵਲੋਂ ਲੁੱਟ ਮਾਰ ਅਤੇ ਕਲਤੋਗਾਰਤ ਕਰਨ ਦੀਆਂ ਜਾਂ ਫਿਰੌਤੀਆਂ ਵਸੂਲਣ ਲਈ ਧਮਕੀਆਂ ਦੇਣ ਅਤੇ ਕਾਰੋਬਾਰੀ ਅਦਾਰਿਆਂ ਦੇ ਸਾਹਮਣੇ ਗੋਲ਼ੀਆਂ ਚਲਾਉਣ ਦੀਆਂ ਜੋ ਖ਼ਬਰਾਂ ਆਉਂਦੀਆਂ ਹਨ, ਇਸ ਸੰਬੰਧ ਵਿੱਚ ਵੀ ਅਰਥ ਸ਼ਾਸਤਰੀਆਂ ਤੇ ਸਮਾਜ ਸ਼ਾਸਤਰੀਆਂ ਦੀ ਇਹ ਰਾਇ ਹੈ ਕਿ ਪੰਜਾਬ ਵਿੱਚ ਖੇਤੀਬਾੜੀ ਦਾ ਸੰਕਟ ਹੱਲ ਨਾ ਹੋਣ ਅਤੇ ਬੇਰੁਜ਼ਗਾਰ ਨੌਜਵਾਨਾਂ ਨੂੰ ਚੰਗੀ ਸਿੱਖਿਆ ਅਤੇ ਚੰਗੇ ਰੁਜ਼ਗਾਰ ਦੇ ਮੌਕੇ ਨਾ ਮਿਲਣ ਕਾਰਨ ਹੀ ਇਹ ਸਾਰੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ । ਜੇਕਰ ਸਰਕਾਰਾਂ ਨੇ ਸਮਾਂ ਰਹਿੰਦਿਆਂ ਖੇਤੀਬਾੜੀ ਨੂੰ ਲਾਹੇਵੰਦੀ ਬਣਾਇਆ ਹੁੰਦਾ ਅਤੇ ਰਾਜ ਵਿੱਚ ਖੇਤੀ ਆਧਾਰਿਤ ਸਨਅਤਾਂ ਅਤੇ ਹੋਰ ਸਨਅਤਾਂ ਲਗਾ ਕੇ ਨੌਜਵਾਨਾਂ ਲਈ ਰੁਜ਼ਗਾਰ ਦੇ ਢੁਕਵੇਂ ਮੌਕੇ ਪੈਦਾ ਕੀਤੇ ਹੁੰਦੇ ਤਾਂ ਨੌਜਵਾਨਾਂ ਦਾ ਵੱਡਾ ਹਿੱਸਾ ਅੱਜ ਦੀ ਤਰ੍ਹਾਂ ਨਾ ਤਾਂ ਜੁਰਮਾਂ ਦੀ ਦੁਨੀਆ ਵਿੱਚ ਪ੍ਰਵੇਸ਼ ਕਰਦਾ ਅਤੇ ਨਾ ਹੀ ਵੱਡੀ ਗਿਣਤੀ ਵਿੱਚ ਨੌਜਵਾਨ ਵਿਦੇਸ਼ਾਂ ਨੂੰ ਜਾਣ ਲਈ ਮਜ਼ਬੂਰ ਹੁੰਦੇ । ਪੰਜਾਬ ਨੂੰ ਦਰਪੇਸ਼ ਬਹੁਤੀਆਂ ਅਜੋਕੀਆਂ ਸਮੱਸਿਆਵਾਂ



ਮਹਿਕਾਂ ਵੰਡਦੀ ਧਰਤੀ...

ਵਰਿੰਦਰ ਸਿੰਘ ਨਿਮਾਣਾ, ਪਿੰਡ ਤਾਜਪੁਰ ਕਲਾਂ,
ਡਾ. ਹਰਿਆਣਾ, ਜ਼ਿਲ੍ਹਾ ਹੁਸ਼ਿਆਰਪੁਰ (ਮੋ. 70877-87700)

ਪੰਜਾਬ ਦੇ ਦਰਿਆਵਾਂ ਨੇ ਇਸ ਖਿੱਤੇ ਨੂੰ ਭੂਗੋਲਿਕ, ਇਤਿਹਾਸਿਕ, ਸੱਭਿਆਚਾਰਕ ਤੇ ਸਮਾਜਿਕ ਤੌਰ 'ਤੇ ਵਿਲੱਖਣਤਾ ਪ੍ਰਦਾਨ ਕਰਨ ਵਿੱਚ ਬੜੀ ਅਹਿਮ ਭੂਮਿਕਾ ਨਿਭਾਈ ਹੈ। ਡਾ. ਮਹਿੰਦਰ ਸਿੰਘ ਰੰਧਾਵਾ ਦੁਆਰਾ ਸੰਪਾਦਿਤ ਪੁਸਤਕ 'ਪੰਜਾਬ' ਵਿੱਚ ਦਰਜ ਹੈ। ਇੱਥੋਂ ਦੇ ਦਰਿਆਵਾਂ ਵਿਚਕਾਰਲੇ ਦੋਆਬਿਆਂ ਨੇ ਜਿੱਥੇ ਪੰਜਾਬੀਆਂ ਨੂੰ ਸਾਫ਼ ਤੇ ਸੋਹਣੇ ਪੌਣ-ਪਾਣੀ ਬਖਸ਼ੇ, ਬੜੀ ਖੁੱਲ੍ਹੀ-ਡੁੱਲ੍ਹੀ ਉਪਜਾਊ ਭੋਂ ਦਿੱਤੀ, ਉੱਥੇ ਇਨ੍ਹਾਂ ਦੇ ਸੁਡੌਲ ਸਰੀਰ ਸੂਰਬੀਰਾਂ ਅਤੇ ਡੂੰਘੇ ਵਿਚਾਰਵਾਨ ਵਿਦਵਾਨਾਂ ਨੂੰ ਵੀ ਜਨਮ ਦਿੱਤਾ ਹੈ। ਪ੍ਰਾਚੀਨ ਸਮਿਆਂ ਤੋਂ ਹੀ ਪੰਜਾਬ ਦੀਆਂ ਭੂਗੋਲਿਕ ਹੱਦਾਂ ਇਤਿਹਾਸ ਪ੍ਰਸਿੱਧ ਦਰਿਆਵਾਂ ਨਾਲ ਬਣੀਆਂ ਚਲੀਆਂ ਆ ਰਹੀਆਂ ਹਨ ਲਹਿੰਦੇ ਵੱਲ ਸਿੰਧ ਦਰਿਆ ਦੇ ਚੜ੍ਹਦੇ ਵੱਲ ਜਮਨਾ। ਇਨ੍ਹਾਂ ਦੋਹਾਂ ਦੇ ਵਿਚਕਾਰ ਪੰਜ ਹੋਰ ਦਰਿਆ ਹਨ : ਜੇਹਲਮ, ਝਨਾਂ, ਰਾਵੀ, ਬਿਆਸ ਤੇ ਸਤਲੁਜ। ਇਸ ਤਰ੍ਹਾਂ ਕਦੇ ਸੱਤ ਦਰਿਆਵਾਂ ਦੀ ਧਰਤੀ 'ਸਪਤ ਸਿੰਧੂ' ਵੀ ਅਖਵਾਉਂਦੀ ਸੀ। ਪ੍ਰਾਚੀਨ ਸਮਿਆਂ ਦੌਰਾਨ ਪੰਜਾਬ ਦੀ ਧਰਤੀ ਦਰਿਆਵਾਂ ਦੀ ਧਰਤੀ ਹੋਣ ਕਰਕੇ ਇਹ ਸਮੁੱਚਾ ਖਿੱਤਾ ਕੁਦਰਤੀ ਪੰਜ ਦੁਆਬਿਆਂ ਵਿੱਚ ਵੰਡਿਆ ਹੋਇਆ ਸੀ। ਦੁਆਬੇ ਦੇ ਅੱਖਰੀ ਸ਼ਬਦ ਹਨ ਦੋ ਦਰਿਆਵਾਂ ਦੇ ਵਿਚਕਾਰਲਾ ਇਲਾਕਾ। ਪੰਜਾਬ ਦੇ ਦੁਆਬਿਆਂ ਦੇ ਨਾਮ ਵੀ ਸੰਬੰਧਿਤ ਦਰਿਆਵਾਂ ਦੇ ਨਾਵਾਂ ਦੇ ਪਹਿਲੇ ਦੋ ਅੱਖਰਾਂ ਤੋਂ ਪਏ ਹਨ, ਜਿਵੇਂ ਬਿਆਸ ਤੇ ਸਤਲੁਜ ਦਰਿਆਵਾਂ ਦਾ ਵਿਚਕਾਰਲਾ ਇਲਾਕਾ ਬਿਸਤ ਜਲੰਧਰ ਦੁਆਬ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਇਲਾਕੇ ਨੂੰ ਕਿਸੇ ਵੇਲੇ ਸੀਰਿਵਾਲ ਵੀ ਕਿਹਾ ਜਾਂਦਾ ਸੀ, ਕਿਉਂਕਿ ਇਸ ਇਲਾਕੇ ਦੇ ਚੋਆਂ ਵਿੱਚ ਪਾਣੀ ਦੀਆਂ ਸੀਰਾਂ ਆਮ ਫੁੱਟਦੀਆਂ ਤੇ ਵਗਦੀਆਂ ਸਨ। ਬਿਸਤ ਜਲੰਧਰ ਦੁਆਬ ਵਿੱਚ ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਨਵਾਂ ਸ਼ਹਿਰ ਤੇ ਕਾਂਗੜੇ ਦਾ ਕੁੱਝ ਹਿੱਸਾ ਆਉਂਦਾ ਹੈ। ਦਰਿਆ ਬਿਆਸ ਤੇ ਰਾਵੀ ਦੇ ਵਿਚਕਾਰਲੇ ਇਲਾਕੇ ਨੂੰ ਬਾਰੀ ਦੁਆਬ ਦੇ ਤੌਰ 'ਤੇ ਜਾਣਿਆ ਜਾਂਦਾ ਸੀ ਤੇ ਇਸ ਵਿੱਚ ਲਾਹੌਰ, ਮਿੰਟਗੁਮਰੀ ਤੇ ਮੁਲਤਾਨ ਜ਼ਿਲ੍ਹੇ ਆਉਂਦੇ ਹਨ, ਜੋ ਵੰਡ ਪਿੱਛੋਂ ਲਹਿੰਦੇ ਪੰਜਾਬ, ਪਾਕਿਸਤਾਨ ਵਿੱਚ ਚਲੇ ਗਏ। ਹਿੰਦੋਸਤਾਨ ਵਿੱਚ ਗੁਰਦਾਸਪੁਰ, ਅੰਮ੍ਰਿਤਸਰ ਜ਼ਿਲ੍ਹੇ ਤੇ ਕਾਂਗੜੇ ਦਾ ਕੁਝ ਹਿੱਸਾ ਬਾਰੀ ਦੁਆਬ ਦੇ ਖੇਤਰ ਵਿੱਚ ਆਉਂਦਾ ਹੈ। ਰਾਵੀ ਤੇ ਚਿਨਾਬ ਦਾ ਇਲਾਕਾ ਰਚਨਾ



ਦੁਆਬ ਦੇ ਨਾਮ ਨਾਲ ਜਾਣਿਆ ਜਾਂਦਾ ਰਿਹਾ ਹੈ। ਚਿਨਾਬ ਤੇ ਜਿਹਲਮ ਇਲਾਕਾ ਚੱਜ ਦੁਆਬ ਦੇ ਤੌਰ ਜਾਣਿਆ ਜਾਂਦਾ ਰਿਹਾ ਤੇ ਦਰਿਆ ਸਿੰਧ ਤੇ ਜਿਹਲਮ ਦੇ ਵਿਚਕਾਰਲੇ ਇਲਾਕੇ ਨੂੰ ਸਿੰਧ ਸਾਗਰ ਦੁਆਬ ਦਾ ਇਲਾਕਾ ਹੋਣ ਦਾ ਰੁਤਬਾ ਮਿਲਿਆ।

ਡਾ. ਗੁਰਦਿਆਲ ਸਿੰਘ ਫੁੱਲ ਦੀ ਪੁਸਤਕ ਪੰਜਾਬੀ ਸੱਭਿਆਚਾਰ, ਇੱਕ ਦ੍ਰਿਸ਼ਟੀਕੋਨ, ਮੁਤਾਬਿਕ, ''ਪੰਜਾਬ ਦੇ ਵੱਖ-ਵੱਖ ਦਰਿਆਵਾਂ ਵਿਚਲੀਆਂ ਧਰਤੀਆਂ ਜਿਨ੍ਹਾਂ ਨੂੰ ਦੁਆਬੇ ਕਹਿੰਦੇ ਹਨ, ਨੂੰ ਇਨ੍ਹਾਂ ਦਰਿਆਵਾਂ ਨੇ ਬਹੁਤ ਉਪਜਾਊ ਬਣਾਇਆ ਹੈ। ਇੱਥੋਂ ਦੇ ਪੌਣ ਪਾਣੀ ਨੂੰ ਅਰੋਗ ਤੇ ਪਵਿੱਤਰ ਬਣਾਇਆ ਹੈ। ਇਸ ਧਰਤੀ ਦੀ ਅਲਕਾਰੀ ਪ੍ਰਕਿਰਤੀ ਦੇਖਣ ਵਾਲੀ ਹੈ। ਹਰਿਆਵਲ ਤੇ ਸੋਕਾ, ਗਰਮੀ ਤੇ ਸਰਦੀ, ਮੀਂਹ ਤੇ ਔੜ, ਹੁੱਸੜ ਤੇ ਹਨੇਰੀਆਂ, ਸਰੀਰਕ ਬਲ ਤੇ ਕੋਮਲ ਕਲਾਵਾਂ ਅਤੇ ਸ਼ਾਂਤ ਸਮਾਧੀ ਮਾਲਾ ਤੇ ਲਿਸ਼ਕਦੀ ਤਲਵਾਰ ਦਾ ਅਦਭੁੱਤ ਵਚਿੱਤਰ ਸੁਮਾਧੀ ਸੁਮੇਲ ਹੈ। ਇੱਥੇ ਦੀਆਂ ਰੁੱਤਾਂ ਰਾਂਗਲੀਆਂ ਹਨ। ਇੱਥੇ ਦੀਆਂ ਬਹਾਰਾਂ ਟੁਣੇਹਾਰੀਆਂ ਹਨ। ਧੁੱਪਾਂ ਜੋਬਨ ਵੰਡਦੀਆਂ ਹਨ। ਧਰਤੀ ਸੋਨਾ ਉਗਲਦੀ ਹੈ। ਪੌਣਾਂ ਨਸ਼ਿਆਉਂਦੀਆਂ ਹਨ। ਪੰਜਾਬ ਦੇ ਇਨ੍ਹਾਂ ਪ੍ਰਾਕ੍ਰਿਤੀ ਨਜ਼ਾਰਿਆਂ ਤੇ ਭੂਗੋਲਿਕ ਸਥਿਤੀ ਦਾ ਪੰਜਾਬੀ ਸੱਭਿਆਚਾਰ ਦੇ ਵਿਕਾਸ ਵਿੱਚ ਵੱਡਾ ਹੱਥ ਹੈ।''

ਦਰਿਆਵਾਂ ਦੇ ਵਿਚਕਾਰਲੇ ਖਿੱਤੇ ਦੀ ਤਬੀਅਤ ਜਰਖੇਜ਼ ਹੋਣ ਕਰਕੇ ਹੀ ਇੱਥੇ ਖੇਤੀ ਆਧਾਰਿਤ ਸੱਭਿਅਤਾ ਦਾ ਵਿਕਾਸ ਹੋਇਆ ਹੈ। ਪੁਰਾਤਨ ਸਮੇਂ ਤੋਂ ਹੀ ਇੱਥੇ ਕਣਕ, ਜੌਂ, ਕਮਾਦ ਤੇ ਕਪਾਹ ਜਿਹੀਆਂ ਫ਼ਸਲਾਂ ਦੀ ਖੇਤੀ ਹੁੰਦੀ ਰਹੀ ਹੈ ਤੇ ਪਹੀਏ ਵਾਲਾ ਗੱਡਾ ਆਵਾਜਾਈ ਦੇ ਸਾਧਨ ਵਜੋਂ ਪ੍ਰਚੱਲਿਤ ਰਿਹਾ ਹੈ। ਹਾਲਾਂਕਿ 10ਵੀਂ ਸਦੀ ਤੋਂ ਬਾਅਦ ਪੰਜਾਬ ਮੁਗਲ ਸ਼ਾਸਨ ਅਧੀਨ ਆ ਜਾਣ ਕਰਕੇ ਇੱਥੋਂ ਦੀ ਖੇਤੀ, ਕਲਾ ਤੇ ਸੱਭਿਆਚਾਰ ਉੱਤੇ ਕਈ ਨਾਂਹਪੱਖੀ ਪ੍ਰਭਾਵ ਵੀ ਪਏ, ਪਰ ਪੰਜਾਬ ਵਿੱਚ ਸਿੱਖ ਗੁਰੂ ਸਾਹਿਬਾਨ ਦੀ ਸਿੱਖਿਆ ਨੇ ਇਸ ਖਿੱਤੇ ਦੇ ਲੋਕਾਂ ਨੂੰ ਕਿਰਤ ਕਰਨ, ਨਾਮ ਜਪਣ ਤੇ ਵੰਡ ਕੇ ਛਕਣ ਦੀ ਸਿੱਖਿਆ ਦੇ ਨਾਲ ਆਤਮ ਸਨਮਾਨ, ਦਲੇਰੀ ਅਤੇ ਚੜ੍ਹਦੀ ਕਲਾ ਦੇ ਫ਼ਲਸਫ਼ੇ ਤੋਂ ਜਾਣੂ ਕਰਵਾ ਕੇ ਪੰਜਾਬੀ ਕੌਮ ਦੇ ਸੁਭਾਅ ਤੇ ਜੀਵਨ ਸ਼ੈਲੀ ਨੂੰ ਨਿਵੇਕਲਾ ਰੰਗ ਵੀ ਬਖਸ਼ਿਆ ਹੈ। 1947 ਦੀ ਦੇਸ਼ ਦੀ ਵੰਡ ਹੋਣ ਤੋਂ ਬਾਦ ਦਰਿਆਵਾਂ ਵਾਲੇ ਖੇਤਰਾਂ ਦਾ ਕਾਫੀ ਹਿੱਸਾ ਪਾਕਿਸਤਾਨ ਵਿੱਚ ਚਲੇ ਜਾਣ ਦੇ ਬਾਵਜੂਦ ਚੜ੍ਹਦੇ ਪੰਜਾਬ ਦੀ ਕਿਸਾਨੀ ਨੇ ਵੰਡ ਦੇ ਦੁੱਖੜੇ ਝੱਲਣ ਤੋਂ ਬਾਅਦ ਵੀ ਆਪਣੀ ਹਿੰਮਤ ਤੇ ਦਲੇਰੀ ਦੇ ਬਲਬੂਤੇ ਖੇਤੀ ਖੇਤਰ ਵਿੱਚ ਅਜਿਹਾ ਇਨਕਲਾਬ ਲਿਆਂਦਾ ਜਿਸ ਨਾਲ ਪੂਰਾ ਮੁਲਕ ਹੀ ਅਨਾਜ ਦੇ ਮਾਮਲੇ ਵਿੱਚ ਆਤਮ ਨਿਰਭਰ ਹੋ ਗਿਆ।

ਪੰਜਾਬ ਦੇ ਦਰਿਆ ਬਿਆਸ ਤੇ ਸਤਲੁਜ ਦੇ ਵਿਚਕਾਰਲੇ ਇਲਾਕੇ ਦਰਿਆਵਾਂ ਦੇ ਪਾਣੀਆਂ ਤੋਂ ਇਲਾਵਾ ਪਾਣੀ ਦੀ ਮੌਜੂਦਗੀ ਬਾਰੇ 'ਪੰਜਾਬ' ਪੁਸਤਕ ਵਿੱਚ ਦਰਜ ਮਿਲਦਾ ਹੈ ਕਿ ਪੰਜਾਬ ਵਿੱਚ ਨਿੱਕੇ ਵੱਡੇ ਨਾਲੇ ਜਾਂ ਚੋਅ ਤਾਂ ਅਨੇਕ ਹੀ ਚੜ੍ਹਦੇ ਵੱਲੋਂ ਬਿਆਸ ਵੱਲ ਨੂੰ ਆਉਂਦੇ ਹਨ, ਪਰ ਸਾਰੇ ਹੀ ਦੋ ਖਾਸ ਨਦੀਆਂ ਵਿੱਚ ਇੱਕ ਜਾਂ ਦੂਸਰੀ ਵਿੱਚ ਜਾ ਡਿੱਗਦੇ ਹਨ। ਇਨ੍ਹਾਂ ਨਦੀਆਂ ਨੂੰ ਚੜ੍ਹਦੀ ਜਾਂ ਚਿੱਟੀ ਵੇਈਂ ਅਤੇ ਦੂਜੀ ਨੂੰ ਲਹਿੰਦੀ ਜਾਂ ਕਾਲੀ ਵੇਈਂ ਦੇ ਨਾਵਾਂ ਨਾਲ ਜਾਣਿਆ ਜਾਂਦਾ ਹੈ। ਦਰਿਆ ਬਿਆਸ ਤੇ ਸਤਲੁਜ ਦਾ ਇਲਾਕਾ ਵੀ ਦਰਿਆ ਦੇ ਵਿਚਕਾਰਲਾ ਹੋਣ ਕਰਕੇ ਤਕਰੀਬਨ ਸਾਰਾ ਖਿੱਤਾ ਹੀ ਭੂਗੋਲਿਕ ਸੁਹੱਪਣ ਦਾ ਮਾਲਕ ਅਤੇ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਇਲਾਕਾ ਮੰਨਿਆ ਗਿਆ ਹੈ। 'ਪੰਜਾਬ' ਪੁਸਤਕ ਮੁਤਾਬਿਕ ਹੀ ਪੰਜਾਬ ਦੇ ਅਸਲ ਕੁਦਰਤੀ ਨਜ਼ਾਰੇ ਮੈਦਾਨੀ ਇਲਾਕਿਆਂ ਵਿੱਚ ਫ਼ਸਲਾਂ ਦੇ ਦਿਨੀਂ ਹੁੰਦੇ ਹਨ, ਖ਼ਾਸ ਕਰ ਨਹਿਰੀ ਇਲਾਕੇ ਵਿੱਚ ਜਿੱਧਰ ਨੂੰ ਤੁਰ ਪਓ ਸੈਂਕੜੇ ਮੀਲਾਂ ਤੱਕ ਹਰ ਪਾਸੇ ਰੰਗ ਬਰੰਗੇ ਹਰੇ ਭਰੇ ਖੇਤ ਦਿਸਦੇ ਹਨ, ਅਤੇ ਵਿਚਕਾਰ ਪਿੰਡ ਇੰਜ ਪ੍ਰਤੀਤ ਹੁੰਦੇ ਹਨ, ਜਿਵੇਂ ਕਿ ਹਰੇ ਸਮੁੰਦਰ ਵਿੱਚ ਛੋਟੇ-ਛੋਟੇ ਟਾਪੂ। ਜਦ ਫ਼ਸਲ ਵੱਢ ਲਈ ਜਾਂਦੀ ਹੈ ਤਾਂ ਸਭ ਕੁੱਝ ਇਕਦਮ ਬਦਲ ਜਾਂਦਾ ਹੈ ਅਤੇ ਹਰਿਆਵਲ ਦੀ ਥਾਂ ਦੂਰ-ਦੂਰ ਤੱਕ ਮਿੱਟੀ ਰੰਗੀ ਭੋਂ ਹੀ ਦਿਸਦੀ ਹੈ ਅਤੇ ਹਰਿਆਵਲ ਕੇਵਲ ਕਿਤੇ-ਕਿਤੇ ਖੇਤਾਂ ਵਿੱਚ ਖੜੋਤੇ ਸੜਕਾਂ ਦੇ ਦੋਹੀਂ ਪਾਸੀਂ ਜਾਂ ਪਿੰਡਾਂ ਦੇ ਟੋਭਿਆਂ ਦੁਆਲੇ ਦੇ ਬਿਰਛਾਂ ਦੀ ਜਾਂ ਬਾਗਾਂ ਦੀ ਹੀ ਨਜ਼ਰੀਂ ਪੈਂਦੀ ਹੈ। ਬਰਸਾਤ ਸ਼ੁਰੂ ਹੁੰਦੇ ਸਾਰ ਹੀ ਹਰ ਪਾਸੇ ਹਰਿਆਵਲ ਇਉਂ ਹੋ ਜਾਂਦੀ ਹੈ, ਜਿਵੇਂ ਮੀਂਹ ਦੇ ਨਾਲ ਵਰ੍ਹੀ ਹੁੰਦੀ ਹੈ। ਦਰਿਆਵਾਂ, ਨਦੀਆਂ ਤੇ ਨਹਿਰਾਂ ਦੇ ਨੇੜਲੇ ਥਾਈਂ ਤਾਂ ਸਦਾ ਹਰਿਆਵਲ ਰਹਿੰਦੀ ਹੈ। ਗੁਰਦਾਸਪੁਰ, ਹੁਸ਼ਿਆਰਪੁਰ ਤੇ ਅੰਬਾਲੇ ਦੇ ਜ਼ਿਲ੍ਹੇ ਕੁਦਰਤੀ ਤੌਰ 'ਤੇ ਹਰੇ ਰਹਿੰਦੇ ਹਨ।

ਦਰਿਆ ਵਿਆਸ ਤੇ ਸਤਲੁਜ ਵਿਚਕਾਰ ਪੈਂਦੇ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਪੰਜਾਬ ਵਿੱਚ ਆਪਣੀ ਭੂਗੋਲਿਕ ਵਿਲੱਖਣਤਾ ਤੇ ਕੁਦਰਤੀ ਸੁਹੱਪਣ ਕਰਕੇ ''ਬਾਗਾਂ ਦੀ ਧਰਤੀ'' ਹੋਣ ਦਾ ਮਾਣ ਹਾਸਲ ਹੈ। ਇਸ ਇਲਾਕੇ ਦੀ ਮਿੱਟੀ ਦੀ ਤਾਸੀਰ, ਭੂਗੋਲਿਕ ਬਣਤਰ ਤੇ ਲੋਕਾਂ ਦੀ ਬਿਰਖ ਬੂਟਿਆਂ ਨਾਲ ਪੁਰਾਣੀ ਸਾਂਝ ਅਜੇ ਵੀ ਇਸ ਜ਼ਿਲ੍ਹੇ ਨੂੰ ਪੰਜਾਬ ਵਿੱਚ ਸਭ ਤੋਂ ਜ਼ਿਆਦਾ ਫ਼ਲ ਪੈਦਾ ਕਰਨ ਵਾਲੇ ਇਲਾਕਿਆਂ ਵਿਚ ਸ਼ੁਮਾਰ ਕਰਾਉਂਦੀ ਹੈ। ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪਿੱਛੇ ਬਰਫ਼ਾਂ ਨਾਲ ਲੱਦੀਆਂ ਚੋਟੀਆਂ ਦੇ ਦੀਦਾਰ ਕਰਾਉਣ ਵਾਲੇ ਇਸ ਇਲਾਕੇ ਵਿੱਚ ਅਜੇ ਵੀ ਕਾਫ਼ੀ ਰਕਬਾ ਬਾਗਬਾਨੀ ਅਧੀਨ ਹੈਣਾ, ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਇਸ ਜ਼ਿਲ੍ਹੇ ਨੂੰ 'ਪੰਜਾਬ ਦਾ ਬਾਗ' ਹੋਣ ਦਾ ਮਾਣ ਕਿਉਂ ਹਾਸਲ ਹੈ? ਵੰਡ ਤੋਂ ਪਹਿਲਾਂ ਸਿਆਸਤੀ ਪ੍ਰਬੰਧ ਦੌਰਾਨ ਇਸ ਇਲਾਕੇ ਵਿੱਚ ਰਜਿਆਂ ਮਹਾਰਾਜਿਆਂ ਵਲੋਂ ਆਪਣੀਆਂ ਆਰਾਮਗਾਹਾਂ 'ਤੇ ਸਰੀਰਕ ਤੰਦਰੁਸਤੀ ਤੇ ਰੂਹ ਦੀ ਤ੍ਰਿਪਤੀ ਵਾਸਤੇ ਬਾਗ ਬਗੀਚੇ ਤੇ ਫ਼ਲਦਾਰ ਬਿਰਖ ਬੂਟੇ ਲਾਉਣ ਦਾ ਰਿਵਾਜ਼ ਪ੍ਰਚੱਲਿਤ ਸੀ। ਇਸ ਤਰ੍ਹਾਂ ਇਸ ਇਲਾਕੇ ਵਿੱਚ ਰਜੇ ਮਹਾਰਾਜਿਆਂ ਤੇ ਵੱਡੇ ਜ਼ਿੰਮੀਦਾਰਾਂ ਦੇ ਬਾਗਾਂ ਦੀ ਸਾਂਭ-ਸੰਭਾਲ ਕਰਨ ਵਾਲੇ ਕਾਮਿਆਂ ਦੇ ਆਲੇ-ਦੁਆਲੇ ਵਿਚਰਦੇ ਆਮ ਲੋਕਾਂ ਵਿੱਚ ਵੀ ਬਾਗ-ਬਗੀਚਿਆਂ ਦੀ ਸਾਂਭ ਸੰਭਾਲ ਕਰਨ ਵਾਲੀ ਆਪਮੁਹਾਰੀ ਤੇ ਕੁਦਰਤੀ ਸੋਝੀ ਵੀ ਵਿਕਸਤ ਹੋਈ ਹੈ।

ਅੰਬ ਵਰਗਾ ਸੁਆਦੀ ਤੇ ਖੁਸ਼ਬੋਦਾਰ ਫ਼ਲ ਦੋਆਬੇ ਦੇ ਖਿੱਤੇ ਦੀ ਭੂਗੋਲਿਕ, ਸਮਾਜਿਕ ਤੇ ਆਰਥਿਕ ਜ਼ਿੰਦਗੀ ਨੂੰ ਨਿਵੇਕਲੀ ਨੁਹਾਰ ਬਖਸ਼ਣ ਦੇ ਨਾਲ ਲੋਕ ਬੋਲੀਆਂ ਤੇ ਲੋਕ ਗੀਤਾਂ ਵਿੱਚ ਸ਼ੁਮਾਰ ਹੋ ਕੇ ਸੱਭਿਆਚਾਰਕ ਤਸਵੀਰ ਨੂੰ ਵੀ ਰੰਗਲੀ ਤੇ ਦਿਲਖਿਚਵੀਂ ਬਣਾਉਣ ਵਿੱਚ ਸਫ਼ਲ ਰਿਹਾ ਹੈ। ਇਸ ਇਲਾਕੇ ਵਿੱਚ ਅਜੇ ਵੀ ਫੱਗਣ ਚੇਤ ਦੇ ਮਹੀਨੇ ਅੰਬੀਆਂ ਨੂੰ ਬੂਰ ਪੈਣ ਵਾਲੀ ਰੁੱਤ ਤੋਂ ਵੱਖ-ਵੱਖ ਤਰ੍ਹਾਂ ਦੇ ਫ਼ਲਾਂ ਦੇ ਵਧਣ ਫੁੱਲਣ ਤੇ ਪੱਕਣ ਦਾ ਭੂਗੋਲਿਕ ਵਰਤਾਰਾ ਬਨਸਪਤੀ ਦੇ ਵੱਖ-ਵੱਖ ਰੰਗਾਂ ਦੀ ਬਾਤ ਪਾਉਂਦਾ ਮਨੁੱਖੀ ਜ਼ਿੰਦਗੀ ਨੂੰ ਉਸ ਕਾਦਰ ਦੀਆਂ ਕਈ ਗੁੱਝੀਆਂ ਰਮਜ਼ਾਂ ਦੇ ਭੇਦ ਸਿਖਉਂਦਾ ਰਹਿੰਦਾ ਹੈ। ਬੂਰ ਪੈਣ ਦੀ ਰੁੱਤੇ ਬਾਗਾਂ ਵਿੱਚ ਕੋਇਲਾਂ ਦੀ ਕੂ ਕੂ ਧਰਤੀ 'ਤੇ ਘੁੱਗ ਵਸਦੀ ਜ਼ਿੰਦਗੀ ਦੀ ਗਵਾਹ ਬਣ ਜਾਂਦੀ ਹੈ। ਕੰਨਾਂ ਵਿੱਚ ਆਪਣੀ ਮਧੁਰ ਆਵਾਜ਼ ਨਾਲ ਦੂਰ-ਦੂਰ ਤੱਕ ਰਸ ਘੋਲਣ ਵਾਲਾ ਇਹ ਪੰਛੀ ਇਸ ਰੁੱਤੇ ਬਾਗਾਂ ਵਿੱਚ ਕੂਕਦਾ ਕੁਦਰਤ ਦੇ ਰੰਗਾਂ ਨਾਲ ਇਕਸੁਰ ਹੋਇਆ ਮਹਿਸੂਸ ਹੁੰਦਾ ਹੈ। ਬਾਗ ਬਗੀਚਿਆਂ ਦੀ ਮੌਜੂਦਗੀ ਹੀ ਮੋਰਾਂ ਵਰਗੇ ਸੁੰਦਰ ਤੇ ਮਨਮੋਹਣੇ ਪੰਛੀਆਂ ਦੇ ਦਿਲਕਸ਼ ਵਰਤਾਰਿਆਂ ਦੇ ਦੀਦਾਰ ਕਰਾਉਣ ਦਾ ਸਬੱਬ ਬਣਦੀ ਹੈ। ਬਿਰਖ ਬੂਟਿਆਂ ਨੂੰ ਨਵਾਂ ਨਕੋਰ ਜੀਵਨ ਦੇਣ ਵਾਲੀ ਫੱਗਣ ਚੇਤਰ ਦੀ ਰੁੱਤ ਦੇ ਸੁਬਾ ਸਵੇਰੇ ਨਿਖਰੇ ਗਾੜ੍ਹੇ ਨੀਲੇ ਆਸਮਾਨ ਹੇਠ ਤਾਜ਼ੀ ਰੁਮਕਦੀ ਪੌਣ ਵਿੱਚ ਤਰ੍ਹਾਂ-ਤਰ੍ਹਾਂ ਦੇ ਪੰਛੀ ਪਰਿੰਦਿਆਂ ਦੀ ਚਹਿਚਹਾਟ ਨੂੰ ਮਾਨਣ ਦਾ ਤਜ਼ਰਬਾ ਬੜਾ ਵਿਲੱਖਣ ਹੋ ਨਿੱਬੜਦਾ ਹੈ। ਪੂਰਬ ਦਿਸ਼ਾ ਵਿੱਚ ਸੂਰਜ ਦੀ ਲਾਲੀ ਦੇ ਰੰਗ ਗੂੜ੍ਹੇ ਹੋਣ ਮੌਕੇ ਨੀਲੇ ਤੇ ਨਿਖਰੇ ਆਸਮਾਨ ਹੇਠ ਠੰਢੀ ਤੇ ਸ਼ੁੱਧ ਹਵਾ ਵਿੱਚ ਤਰ੍ਹਾਂ-ਤਰ੍ਹਾਂ ਦੀਆਂ ਚਿੜੀਆਂ ਦਾ ਚਹਿ ਚਹਾਟ, ਤੋਤੇ, ਪੁੱਰੀਆਂ, ਕਾਵਾਂ, ਕਬੂਤਰਾਂ ਦਾ ਗਾਉਣਾ, ਤਿੱਤਰ ਬਟੇਰਿਆਂ ਦੀ ਚਿਕਲੈਕ, ਪਪੀਹੇ, ਜੰਗਲੀ ਮੁਰਗਿਆਂ ਦਾ ਬਾਂਗਾਂ ਦੇਣਾ ਆਪਣੇ ਆਪ ਵਿੱਚ ਰਾਗ ਭੈਰਵ ਦੇ ਰੰਗ ਗੂੜ੍ਹੇ ਕਰਦਾ ਮਹਿਸੂਸ ਹੁੰਦਾ ਹੈ। ਬਾਗਾਂ ਦੀ ਮੌਜੂਦਗੀ ਤੇ ਆਬਾਦੀ ਤੋਂ ਦੂਰ ਕਿਸੇ ਬੇਲੇ ਜਾਂ ਰੱਕੜ ਦੀ ਹਦੂਦ ਵਿੱਚ ਮੋਰ ਦੀ ਲੰਮੀ ਸਾਰੀ ਕੂਕ ਕੁਦਰਤ ਦੇ ਨਿਆਰੇਪਨ ਦੀ ਖੂਬਸੂਰਤ ਤਸਵੀਰ 'ਤੇ ਵਿਸਮਾਦ ਦੀ ਲੰਮੀ ਲਕੀਰ ਖਿੱਚਦੀ ਪ੍ਰਤੀਤ ਹੁੰਦੀ ਹੈ। ਬਾਗ ਬਗੀਚਿਆਂ ਦੀ ਧਰਤੀ 'ਤੇ ਹੀ ਪੱਤਝੜ ਦੀ ਰੁੱਤ ਦੀਆਂ ਉਦਾਸੀਆਂ ਤੇ ਇਕਲਾਪੇ ਦਾ ਸੰਤਾਪ ਹੰਢਾ ਰਹੇ ਬਿਰਖ, ਬੂਟੇ, ਟਾਹਣੀਆਂ ਤੋਂ ਜ਼ਿੰਦਗੀ ਦੀ ਨਾਸ਼ਵਾਨਤਾ ਦਾ ਭੇਦ ਵੀ ਸਿੱਖਿਆ ਜਾ ਸਕਦਾ ਹੈ। ਪੰਛੀ ਪਰਿੰਦਿਆਂ ਦੀ ਇਨ੍ਹਾਂ ਬਿਰਖਾਂ ਬੂਟਿਆਂ ਨਾਲ ਕੁਦਰਤੀ ਤੇ ਸਦੀਵੀ ਸਾਂਝ ਹੋਣ ਕਰਕੇ ਉਨ੍ਹਾਂ ਦੇ ਚਹਿਕਣ ਅਤੇ ਜ਼ਿੰਦਗੀ ਦੇ ਅਗਲੇ ਸਫ਼ਰ ਲਈ ਅਠਖੇਲੀਆਂ ਕਰਨ ਦਾ ਸਿਲਸਿਲਾ ਵੀ ਬੜਾ ਵਚਿੱਤਰ ਹੁੰਦਾ ਹੈ। ਰੁੱਖਾਂ, ਬਿਰਖਾਂ ਦੇ ਮੌਲਣ ਦੀ ਰੁੱਤੇ ਚਿੜੀਆਂ, ਘੁੱਗੀਆਂ, ਮੈਨਾ ਆਦਿ ਵਰਗੇ ਪੰਛੀ ਬੂਰ ਪੈਣ ਵਾਲੀ ਰੁੱਤੇ ਬਾਗ ਬਗੀਚਿਆਂ ਦੇ ਹਰੇ ਕਚੂਰ ਪੱਤਿਆਂ ਵਿੱਚ ਸੁਰੱਖਿਅਤ ਥਾਵਾਂ ਤਲਾਸ਼ ਕੇ ਬੜੇ ਆਹਰ ਨਾਲ ਆਪਣੇ ਆਲ੍ਹਣੇ ਬਣਾਉਂਦੇ ਹਨ। ਨਵੇਂ ਆਲ੍ਹਣਿਆਂ ਵਿੱਚ ਇਨ੍ਹਾਂ ਪੰਛੀਆਂ ਵਲੋਂ ਦਿੱਤੇ ਅੰਡਿਆਂ ਵਿੱਚੋਂ ਕੁਝ ਦਿਨਾਂ ਬਾਅਦ ਨਵੇਂ ਨਕੋਰ ਨਿੱਕੇ ਨਿੱਕੇ ਮਾਸੂਮ ਬੋਟ ਜ਼ਿੰਦਗੀ ਦੀ ਗਤੀਸ਼ੀਲਤਾ ਤੇ ਭਵਿੱਖਤ ਸੰਭਾਵਨਾਵਾਂ ਦੇ ਪ੍ਰਤੀਕ ਬਣ ਜਾਂਦੇ ਹਨ।

ਬਾਗਾਂ ਵਾਲੇ ਇਸ ਇਲਾਕੇ ਵਿੱਚ ਫ਼ਲਦਾਰ ਬੂਟਿਆਂ ਦੀ ਮੌਜੂਦਗੀ ਇਲਾਕੇ ਲਈ ਕੁਦਰਤੀ ਸੁਹੱਪਣ ਦੇ ਨਾਲ ਲੋਕਾਂ ਦੀ ਸਮਾਜਿਕ ਤੇ ਆਰਥਿਕ ਜ਼ਿੰਦਗੀ ਨੂੰ ਨਵੀਂ ਨੁਹਾਰ ਦਿੰਦੀ ਹੈ।

ਧਰਤੀ ਦੇ ਗਰਮ ਸਾਹਾਂ ਨਾਲ ਵਿਗੜੀ ਰੁੱਤਾਂ ਦੀ ਲੈਅ

★ ਸੈਂਟਰ ਫਾਰ ਸਾਇੰਸ ਐਂਡ ਐਨਵਾਇਰਮੈਂਟ ਦੀ ਰਿਪੋਰਟ ਵਿੱਚ ਸਾਹਮਣੇ ਆਈ ਡਰਾਉਣੀ ਤਸਵੀਰ ★ ਵਾਯੂਮੰਡਲ ਵਿੱਚ ਗ੍ਰੀਨਹਾਊਸ ਗੈਸਾਂ ਦੇ ਪੱਧਰ ਵਿੱਚ ਵਾਧਾ ਬਣ ਰਿਹਾ ਚੁਣੌਤੀ

ਭਾਰਤ ਦੀ ਰਵਾਇਤੀ ਪਛਾਣ ਉਸ ਦੇ ਵੱਖ-ਵੱਖ ਰੁੱਤ ਚੱਕਰ ਕਾਰਨ ਰਹੀ ਹੈ ਪਰ ਹੁਣ ਇਹ ਚੱਕਰ ਪੂਰੀ ਤਰ੍ਹਾਂ ਟੁੱਟ ਚੁੱਕਾ ਹੈ । ਸੈਂਟਰ ਫਾਰ ਸਾਇੰਸ ਐਂਡ ਐਨਵਾਇਰਮੈਂਟ (ਸੀਐਸਈ) ਅਤੇ ਡਾਊਨ ਟੂ ਅਰਥ ਦੀ ਨਵੀਂ ਰਿਪੋਰਟ 'ਇੰਡੀਆ ਕਲਾਈਮਟ 2025' ਨੇ ਇੱਕ ਡਰਾਉਣੀ ਤਸਵੀਰ ਪੇਸ਼ ਕੀਤੀ ਹੈ। ਰਿਪੋਰਟ ਮੁਤਾਬਕ, ਧਰਤੀ ਦੇ ਗਰਮ ਸਾਹ ਰੁੱਤਾਂ ਦੀ ਲੈਅ ਨੂੰ ਵਿਗਾੜ ਰਹੇ ਹਨ ।

ਸੀਐੱਸਈ ਨੇ ਮੌਸਮ ਵਿਭਾਗ, ਗ੍ਰਹਿ ਮੰਤਰਾਲੇ ਦੇ ਆਫਤ ਪ੍ਰਬੰਧਨ ਵਿਭਾਗ ਅਤੇ ਵੱਖ-ਵੱਖ ਸੂਬਿਆਂ ਦੀਆਂ ਏਜੰਸੀਆਂ ਦੀਆਂ ਰਿਪੋਰਟਾਂ ਦੇ ਆਧਾਰ 'ਤੇ ਵਿਸ਼ਲੇਸ਼ਣ ਕੀਤਾ ਹੈ । ਨਾਲ ਹੀ ਸਾਲ 2022 ਤੋਂ ਸਤੰਬਰ 2025 ਤੱਕ ਲਗਪਗ 1500 ਦਿਨਾਂ ਦੀਆਂ ਭਾਰਤੀ ਮੌਸਮ ਸੰਬੰਧੀ ਆਫਤਾਂ ਦਾ ਇੱਕ ਨਵਾਂ ਨਕਸ਼ਾ ਤਿਆਰ ਕੀਤਾ ਹੈ । ਅਧਿਐਨ ਦਾ ਸਭ ਤੋਂ ਹੈਰਾਨ ਕਰਨ ਵਾਲਾ ਨਤੀਜਾ ਇਹ ਹੈ ਕਿ ਭਾਰਤ ਵਿੱਚ ਰੁੱਤਾਂ ਦਾ ਆਪਸ ਵਿੱਚ ਰਲੇਵਾਂ ਹੋਣਾ ਸ਼ੁਰੂ ਹੋ ਗਿਆ ਹੈ । ਸਰਦੀ, ਗਰਮੀ ਤੇ ਬਰਿਸ਼ ਵਿਚਕਾਰਲੀਆਂ ਸਪੱਸ਼ਟ ਰੇਖਾਵਾਂ ਹੁਣ ਧੁੰਧਲੀਆਂ ਪੈ ਚੁੱਕੀਆਂ ਹਨ ।



ਅੰਕੜੇ ਦੱਸਦੇ ਹਨ ਕਿ ਸਾਲ 2025 ਦੇ ਪਹਿਲੇ ਨੌਂ ਮਹੀਨਿਆਂ (ਜਨਵਰੀ ਤੋਂ ਸਤੰਬਰ) ਦੌਰਾਨ ਦੇਸ਼ ਨੇ ਲਗਪਗ 99 ਫ਼ੀਸਦੀ ਦਿਨ ਅਨਿਸ਼ਚਿਤ ਮੌਸਮ ਦੀ ਮਾਰ ਝੱਲੀ ਹੈ । ਇਸ ਦਾ ਮਤਲਬ ਹੈ ਕਿ ਇਨ੍ਹਾਂ 273 ਦਿਨਾਂ ਵਿੱਚੋਂ ਸ਼ਾਇਦ ਹੀ ਕੋਈ ਅਜਿਹਾ ਦਿਨ ਹੋਵੇ ਜਦੋਂ ਭਾਰਤ ਦੇ ਕਿਸੇ ਨਾ ਕਿਸੇ ਹਿੱਸੇ ਵਿੱਚ ਭਾਰੀ ਬਾਰਿਸ਼, ਲੂੰ, ਗੜੇਮਾਰੀ ਜਾਂ ਚੱਕਰਵਾਤ ਵਰਗੀਆਂ ਆਫਤਾਂ ਨਾ ਆਈਆਂ ਹੋਣ । ਰਿਪੋਰਟ ਮੁਤਾਬਕ, ਭਾਰਤ ਵਿੱਚ ਪਿਛਲੇ ਚਾਰ ਸਾਲਾਂ ਵਿੱਚ ਪਹਿਲੀ ਵਾਰ ਅਜਿਹਾ ਹੋਇਆ ਹੈ ਕਿ ਅਨਿਸ਼ਚਿਤ ਮੌਸਮ ਦੀਆਂ ਘਟਨਾਵਾਂ ਲਗਪਗ ਪੂਰੇ ਸਾਲ ਦਰਜ ਕੀਤੀਆਂ ਗਈਆਂ । 2023 ਵਿੱਚ ਜਿੱਥੇ ਸਿਰਫ਼ ਛੇ ਸੂਬਿਆਂ ਵਿੱਚ ਅਜਿਹੀਆਂ ਘਟਨਾਵਾਂ ਦਰਜ ਕੀਤੀਆਂ ਗਈਆਂ, ਉੱਥੇ 2025 ਵਿੱਚ ਦੇਸ਼ ਦੇ ਸਾਰੇ ਸੂਬੇ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਇਨ੍ਹਾਂ ਦੀ ਲਪੇਟ ਵਿੱਚ ਰਹੇ । ਜਨਵਰੀ ਅਤੇ ਫ਼ਰਵਰੀ ਦੇ 59 ਦਿਨਾਂ ਵਿੱਚੋਂ 57 ਦਿਨ ਅਨਿਸ਼ਚਿਤ ਘਟਨਾਵਾਂ ਦਰਜ ਕੀਤੀਆਂ ਗਈਆਂ । ਹੈਰਾਨੀ ਦੀ ਗੱਲ ਇਹ ਹੈ ਕਿ ਕੜਾਕੇ ਦੀ ਠੰਢ ਵਿਚਾਲੇ ਦੇਸ਼ ਦੇ ਕੁਝ ਹਿੱਸਿਆਂ ਵਿੱਚ ਲੂੰ ਵੀ ਦੇਖਣ ਨੂੰ ਮਿਲੀ । ਮੌਨਸੂਨ ਦੌਰਾਨ ਹੁਣ ਸਿਰਫ਼ ਬਾਰਿਸ਼ ਨਹੀਂ ਹੁੰਦੀ ਸਗੋਂ ਇਸੇ ਸਮੇਂ ਦੌਰਾਨ ਭਿਆਨਕ ਗਰਮੀ ਤੇ ਲੂੰ ਦੀਆਂ ਘਟਨਾਵਾਂ ਵੀ ਵੱਧ ਰਹੀਆਂ ਹਨ । ਨਵੰਬਰ ਤੱਕ ਖਿੱਚਦੀ ਬਾਰਿਸ਼ ਨੇ ਸਉਣੀ ਤੇ ਹਾੜ੍ਹੀ ਦੀਆਂ ਫ਼ਸਲਾਂ ਦੇ ਪੂਰੇ ਗਣਿਤ ਨੂੰ ਵਿਗਾੜ ਕੇ ਰੱਖ ਦਿੱਤਾ ਹੈ ।

ਬਦਲਦਾ ਭੂਗੋਲ : ਰੇਗਿਸਤਾਨ ਵਿੱਚ ਹੜ੍ਹ ਤੇ ਪਹਾੜਾਂ 'ਤੇ ਤਪਸ਼

ਪੌਣ-ਪਾਣੀ ਤਬਦੀਲੀ ਨੇ ਭਾਰਤ ਦਾ ਭੂਗੋਲਿਕ ਪੈਟਰਨ ਵੀ ਬਦਲ ਦਿੱਤਾ ਹੈ । ਜਿਹੜੀਆਂ ਘਟਨਾਵਾਂ ਪਹਿਲਾਂ ਦਹਾਕਿਆਂ ਵਿੱਚ ਇੱਕ ਵਾਰੀ ਵਾਪਰਦੀਆਂ ਸਨ, ਉਹ ਹੁਣ ਆਮ ਹੋ ਗਈਆਂ ਹਨ । ਰਾਜਸਥਾਨ ਤੇ ਲੇਹ ਵਰਗੇ ਖੁਸ਼ਕ ਅਤੇ ਰੇਗਿਸਤਾਨੀ ਇਲਾਕਿਆਂ ਵਿੱਚ ਹੁਣ ਹੜ੍ਹ ਆਉਣਾ ਆਮ ਗੱਲ ਬਣ ਗਈ ਹੈ ਜਦਕਿ ਚਿਰਾਪੂੰਜੀ ਵਰਗੇ ਜ਼ਿਆਦਾ ਬਾਰਿਸ਼ ਵਾਲੇ ਖੇਤਰਾਂ ਵਿੱਚ ਸੋਕੇ ਵਰਗੇ ਹਾਲਾਤ ਦਿਖਾਈ ਦੇਣ ਲੱਗੇ ਹਨ । ਪਹਾੜੀ ਸੂਬਿਆਂ ਤੇ ਹਿਮਾਲਿਆਈ ਖੇਤਰਾਂ ਵਿੱਚ ਸਾਲ ਭਰ ਤਾਪਮਾਨ ਆਮ ਨਾਲੋਂ ਵੱਧ ਦਰਜ ਕੀਤਾ ਜਾ ਰਿਹਾ ਹੈ ਜਿਸ ਨਾਲ ਗਲੇਸ਼ੀਅਰਾਂ ਦੇ ਪਿਘਲਣ ਤੇ ਈਕੋਸਿਸਟਮ ਦੇ ਵਿਗੜਨ ਦਾ ਖ਼ਤਰਾ ਪੈਦਾ ਹੋ ਗਿਆ ਹੈ ।

ਜਨਜੀਵਨ 'ਤੇ ਸੱਟ

ਮੌਸਮ ਦਾ ਇਹ ਬਦਲਿਆ ਮਿਜ਼ਾਜ ਸਿਰਫ਼ ਅੰਕੜਿਆਂ ਤੱਕ ਸੀਮਤ ਨਹੀਂ ਹੈ ਸਗੋਂ ਇਹ ਆਮ ਆਦਮੀ ਦੀ ਜੀਵਨਸ਼ੈਲੀ ਨੂੰ ਬਦਲ ਰਿਹਾ ਹੈ । ਕਿਸਾਨ ਹੁਣ ਜੂਨ ਵਿੱਚ ਬਿਜਾਈ ਕਰਨ ਤੋਂ ਕਤਰਾਉਣ ਲੱਗੇ ਹਨ ਕਿਉਂਕਿ ਮੌਨਸੂਨ ਦਾ ਸਮਾਂ ਅਨਿਸ਼ਚਿਤ ਹੈ । ਬੇਮੌਸਮੀ ਬਾਰਿਸ਼ ਨਾਲ ਤਿਆਰ ਫ਼ਸਲਾਂ ਬਰਬਾਦ ਹੋ ਰਹੀਆਂ ਹਨ ਜਿਸ ਨਾਲ ਕਿਸਾਨਾਂ ਨੂੰ ਨੁਕਸਾਨ ਹੋ ਰਿਹਾ ਹੈ । ਵਧਦੀ ਗਰਮੀ ਕਾਰਨ ਹੁਣ ਮਾਰਚ ਦੇ ਆਖ਼ਰੀ ਹਫ਼ਤੇ ਤੋਂ ਹੀ ਸਕੂਲਾਂ ਵਿੱਚ ਛੁੱਟੀਆਂ ਐਲਾਨਣੀਆਂ ਪੈ ਰਹੀਆਂ ਹਨ ।

ਹੋਂਦ ਨੂੰ ਚੁਣੌਤੀ

ਧਰਤੀ ਦੇ ਵਾਯੂਮੰਡਲ ਵਿੱਚ ਗ੍ਰੀਨਹਾਊਸ ਗੈਸਾਂ ਦਾ ਪੱਧਰ ਅੱਜ ਉਸ ਮੁਕਾਮ 'ਤੇ ਹੈ ਜਿਹੜਾ ਮਨੁੱਖੀ ਇਤਿਹਾਸ ਵਿੱਚ ਕਦੇ ਨਹੀਂ ਰਿਹਾ । ਰਿਪੋਰਟ ਚਿਤਾਵਨੀ ਦਿੰਦੀ ਹੈ ਕਿ ਜੇਕਰ ਅਸੀਂ ਸਮਾਂ ਰਹਿੰਦੇ ਸਖ਼ਤ ਕਦਮ ਨਹੀਂ ਚੁੱਕੇ ਤਾਂ ਰੁੱਤ ਚੱਕਰ, ਜਿਹੜਾ ਮਨੁੱਖੀ ਸੱਭਿਅਤਾ ਦੇ ਵਧਣ-ਫੁੱਲਣ ਦਾ ਆਧਾਰ ਸੀ, ਪੂਰੀ ਤਰ੍ਹਾਂ ਤਬਾਹ ਹੋ ਜਾਵੇਗਾ ।

ਖੇਤੀ ਵਿੱਚ ਵਰਤੇ ਜਾਣ ਵਾਲੇ ਰਸਾਇਣਾਂ ਦੀ ਸੁਰੱਖਿਅਤ ਵਰਤੋਂ

ਗੁਰਮੇਲ ਸਿੰਘ ਸੰਧੂ ਅਤੇ ਸਿਮਰਨਜੀਤ ਕੌਰ, ਕ੍ਰਿਸ਼ੀ ਵਿਗਿਆਨ ਕੇਂਦਰ, ਫਿਰੋਜ਼ਪੁਰ (ਮੋ.81462-60400)

ਖੇਤੀ ਰਸਾਇਣਾਂ ਦੇ ਛਿੜਕਾਅ ਕਰਨ ਤੋਂ ਪਹਿਲਾਂ ਧਿਆਨ ਰੱਖਣ ਯੋਗ ਗੱਲਾਂ

ਯੂਨੀਵਰਸਿਟੀ ਵੱਲੋਂ ਸਿਫ਼ਾਰਸ਼ ਕੀਤੇ ਗਏ ਰਸਾਇਣ ਦੀ ਪੱਕੀ ਰਸੀਦ ਲੈ ਕੇ ਖਰੀਦੋ ।

★ ਖੇਤੀ ਜ਼ਹਿਰਾਂ ਦੇ ਡੱਬੇ/ਸ਼ੀਸ਼ੀ ਉੱਪਰ ਬਣੀ ਤਿਕੋਣ ਦਾ ਰੰਗ ਵੇਖੋ ਅਤੇ ਹਰੇ ਤਿਕੋਣ ਵਾਲੀਆਂ ਰਸਾਇਣਾਂ ਨੂੰ ਤਰਜੀਹ ਦਿਓ ।

★ ਖੇਤੀ ਰਸਾਇਣਾਂ ਦੇ ਡੱਬੇ ਉੱਤੇ ਲੱਗੇ ਲੇਬਲ ਨੂੰ ਧਿਆਨ ਨਾਲ ਪੜ੍ਹੋ ਅਤੇ ਅਮਲ ਕਰੋ ।

★ ਨਦੀਨਨਾਸ਼ਕਾਂ ਅਤੇ ਕੀਟਨਾਸ਼ਕਾਂ / ਉੱਲੀਨਾਸ਼ਕਾਂ ਲਈ ਵੱਖ-ਵੱਖਰੇ ਛਿੜਕਾਅ ਪੰਪ ਵਰਤੋਂ ।

★ ਖੇਤੀ ਰਸਾਇਣਾਂ ਦੇ ਛਿੜਕਾਅ ਤੋਂ ਪਹਿਲਾਂ, ਕਪੜੇ ਧੋਣ ਵਾਲੇ ਸੋਂਢੇ ਨਾਲ ਪੰਪ ਨੂੰ ਚੰਗੀ ਤਰ੍ਹਾਂ ਧੋ ਲਉ ।

★ ਛਿੜਕਾਅ ਲਈ ਪਾਣੀ, ਪੰਪ, ਨੋਜ਼ਲ ਅਤੇ ਸਹੀ ਮਿਣਤੀ ਵਾਲੇ ਮਾਪ ਆਦਿ ਦਾ ਇੰਤਜ਼ਾਮ ਰੱਖੋ ਅਤੇ ਇਸ ਗੱਲ ਦਾ ਧਿਆਨ ਰੱਖੋ ਕਿ ਪੰਪ ਜਾਂ ਨੋਜ਼ਲ ਲੀਕ/ਖਰਾਬ ਨਾ ਹੋਣ ।

★ ਛਿੜਕਾਅ ਕਰਨ ਵਾਲੇ ਆਦਮੀ ਦੇ ਸਰੀਰ ਉੱਪਰ ਕੋਈ ਜ਼ਖ਼ਮ ਨਾ ਹੋਵੇ । ਸਰੀਰ ਪੂਰੀ ਤਰ੍ਹਾਂ ਸਾਫ਼ ਕੱਪੜਿਆਂ ਨਾਲ ਛਿੜਕਾਅ ਕਰਨ ਤੋਂ ਪਹਿਲਾਂ ਢੱਕ ਲਉ ।

★ ਛਿੜਕਾਅ ਕਰਨ ਤੋਂ ਪਹਿਲਾਂ ਆਪਣੇ ਖੇਤਾਂ ਦੇ ਆਸ-ਪਾਸ, ਮਧੂ-ਮੱਖੀ ਪਾਲਕਾਂ ਨੂੰ ਸੂਚਨਾ ਦਿਓ ।

★ ਛਿੜਕਾਅ ਉਪਰੰਤ ਮੂੰਹ-ਹੱਥ ਧੋਣ ਲਈ ਸਾਫ਼ ਪਾਣੀ ਅਤੇ ਸਾਬਣ ਦਾ ਪ੍ਰਬੰਧ ਪਹਿਲਾਂ ਹੀ ਕਰ ਲਵੋ ।

★ ਖੇਤੀ ਰਸਾਇਣਾਂ ਨੂੰ ਕਦੀ ਵੀ ਖਾਣ-ਪੀਣ ਵਾਲੀਆਂ ਚੀਜ਼ਾਂ ਜਾਂ ਹੋਰ ਰਸਾਇਣਾਂ ਦੇ ਨੇੜੇ ਨਹੀਂ ਰੱਖਣਾ ਚਾਹੀਦਾ ।

ਛਿੜਕਾਅ ਦੌਰਾਨ ਧਿਆਨ ਦੇਣ ਯੋਗ ਗੱਲਾਂ

★ ਕੀਟਨਾਸ਼ਕਾਂ/ਉਲੀਨਾਸ਼ਕਾਂ ਦਾ ਛਿੜਕਾਅ ਹਮੇਸ਼ਾਂ ਸਵੇਰ ਜਾਂ ਸ਼ਾਮ ਨੂੰ ਹੀ ਕਰੋ ।

★ ਛਿੜਕਾਅ ਕਦੇ ਵੀ ਖਾਲੀ ਪੇਟ ਨਾ ਕਰੋ ਅਤੇ ਛਿੜਕਾਅ ਕਰਨ ਤੋਂ ਪਹਿਲਾਂ ਖਾਣਾ ਜ਼ਰੂਰ ਖਾ ਲਓ ।

★ ਇਕੱਲੇ ਛਿੜਕਾਅ ਨਾ ਕਰੋ ਅਤੇ ਸਪਰੇਅ ਕਰਨ ਵੇਲੇ ਕੁਝ ਵੀ ਖਾਣਾ-ਪੀਣਾ, ਚਬਾਉਣਾ ਜਾਂ ਸਿਗਰਟਨੋਸ਼ੀ ਨਹੀਂ ਕਰਨੀ ਚਾਹੀਦੀ ।

★ ਸਿਫ਼ਾਰਸ਼ ਅਨੁਸਾਰ ਜ਼ਹਿਰਾਂ ਦੀ ਮਿਕਦਾਰ ਅਤੇ ਛਿੜਕਾਅ ਦੇ ਸਮੇਂ ਦਾ ਪਾਲਣ ਕਰੋ ।

★ ਹਮੇਸ਼ਾਂ ਅੱਖਾਂ ਉਪਰ ਐਨਕ, ਨੱਕ ਅਤੇ ਮੂੰਹ ਉੱਪਰ ਮਾਸਕ ਪਾ ਕੇ ਹੀ ਛਿੜਕਾਅ ਕਰੋ ।

★ ਰਸਾਇਣਾਂ ਦੇ ਪੈਕਟ ਪਾੜ ਕੇ ਨਹੀਂ ਖੋਲ੍ਹਣੇ ਚਾਹੀਦੇ, ਸਗੋਂ ਉਨ੍ਹਾਂ ਨੂੰ ਚਾਕੂ/ਕੈਂਚੀ ਨਾਲ ਕੱਟਣਾ ਚਾਹੀਦਾ ਹੈ ।

★ ਰਸਾਇਣਾਂ ਦਾ ਘੋਲ ਬਨਾਉਣ ਲਈ ਡਰੰਮ ਅਤੇ ਰਸਾਇਣ ਘੋਲਣ ਲਈ ਲੰਮੇ ਦਸਤੇ ਵਾਲੀ ਕੋਈ ਚੀਜ਼ ਵਰਤਣੀ ਚਾਹੀਦੀ ਹੈ, ਤਾਂ ਜੋ ਰਸਾਇਣ ਦੇ ਛਿੱਟੇ ਘੋਲਣ ਵਾਲੇ ਵਿਅਕਤੀ ਉੱਤੇ ਨਾ ਪੈਣ ।

★ ਛਿੜਕਾਅ ਲਈ ਹਮੇਸ਼ਾਂ ਸਾਫ਼ ਪਾਣੀ ਹੀ ਵਰਤੋਂ ।

★ ਹਮੇਸ਼ਾ ਹੀ ਛਿੜਕਾਅ ਹਵਾ ਦੇ ਰੁੱਖ ਅਨੁਸਾਰ ਹੀ ਕਰੋ ਅਤੇ ਇਸ ਗੱਲ ਦਾ ਧਿਆਨ ਰੱਖੋ ਕਿ ਛਿੜਕਾਅ ਉੱਡ ਕੇ ਕਿਸੇ ਪਾਣੀ ਦੇ ਸੋਮੇ ਜਾਂ ਸਬਜ਼ੀ ਵਾਲੀ ਫ਼ਸਲ ਤੇ ਨਾ ਪਏ ।



★ ਬੰਦ ਨੋਜ਼ਲ ਨੂੰ ਮੂੰਹ ਨਾਲ ਫੂਕ ਮਾਰ ਕੇ ਖੋਲਣ ਦੀ ਗਲਤੀ ਕਦੇ ਨਾ ਕਰੋ, ਉਸਨੂੰ ਖੋਲ ਕੇ ਚੰਗੀ ਤਰ੍ਹਾਂ ਅੰਦਰੋਂ ਸਾਫ ਕਰ ਲਉ ।

★ ਜੇਕਰ ਪੁਰਾਣੀ ਨੋਜ਼ਲ ਦੀ ਪਾਣੀ ਕੱਢਣ ਦੀ ਦਰ ਮੁੱਢਲੀ ਦਰ ਨਾਲੋਂ 10-15 ਪ੍ਰਤੀਸ਼ਤ ਵੱਧ ਜਾਵੇ ਤਾਂ ਇਸ ਨੂੰ ਬਦਲ ਦਿਓ ।

★ ਰਸਾਇਣਾਂ ਦਾ ਛਿੜਕਾਅ ਕਰਨ ਵਾਲੇ ਬੰਦੇ ਨੂੰ ਦਿਹਾੜੀ ਵਿੱਚ ਅੱਠ ਘੰਟੇ ਤੋਂ ਵੱਧ ਕੰਮ ਨਹੀਂ ਕਰਨਾ ਚਾਹੀਦਾ ।

ਛਿੜਕਾਅ ਤੋਂ ਬਾਅਦ ਧਿਆਨ ਰੱਖਣ ਯੋਗ ਗੱਲਾਂ

★ ਪੰਪ ਨੂੰ ਕੀਟਨਾਸ਼ਕਾਂ ਦੇ ਛਿੜਕਾਅ ਤੋਂ ਬਾਅਦ ਕੱਪੜੇ ਧੋਣ ਵਾਲੇ ਸੋਂਢੇ ਨਾਲ ਸਾਫ ਕਰਕੇ ਰੱਖੋ ।

★ ਬਚੇ ਹੋਏ ਕੀਟਨਾਸ਼ਕ ਜ਼ਹਿਰਾਂ ਦੇ ਡੱਬਿਆਂ ਨੂੰ ਬੱਚਿਆਂ ਅਤੇ ਪਸ਼ੂਆਂ ਦੀ ਪਹੁੰਚ ਤੋਂ ਦੂਰ ਰੱਖੋ । ਖਾਲੀ ਡੱਬਿਆਂ ਨੂੰ ਘਰਾਂ ਵਿੱਚ ਕਿਸੇ ਕੰਮ ਲਈ ਨਾ ਵਰਤੋਂ ਅਤੇ ਨਸ਼ਟ ਕਰਕੇ ਮਿੱਟੀ ਵਿੱਚ ਦੱਬੋ ।

★ ਕੀਟਨਾਸ਼ਕਾਂ ਦਾ ਛਿੜਕਾਅ ਕਰਨ ਵਾਲੇ ਆਦਮੀ ਨੂੰ ਵੀ ਸਾਫ ਪਾਣੀ ਅਤੇ ਸਾਬਣ ਨਾਲ ਨਹਾਉਣਾ ਚਾਹੀਦਾ ਹੈ । ਛਿੜਕਾਅ ਦੌਰਾਨ ਪਹਿਨੇ ਸਾਰੇ ਕੱਪੜੇ ਅਤੇ ਸੇਫਟੀ ਕਿੱਟ ਨੂੰ ਵੀ ਧੋ ਲਵੋ ।

★ ਛਿੜਕਾਅ ਦੀ ਮਿਤੀ, ਕੀਟਨਾਸ਼ਕ ਦਾ ਨਾਮ, ਕੰਪਨੀ, ਮਾਤਰਾ, ਕੀਮਤ ਅਤੇ ਕੀੜੇ ਆਦਿ ਦੀ ਜਾਣਕਾਰੀ ਕਾਪੀ ਤੇ ਨੋਟ ਕਰ ਲਵੋ ।

ਖੇਤੀ ਰਸਾਇਣਾਂ ਦੀ ਵਰਤੋਂ ਦੌਰਾਨ ਹਾਦਸਾ ਹੋਣ ਤੇ ਬਚਾਓ ਦੇ ਮੁੱਢਲੇ ਢੰਗ

★ ਅੱਖ ਵਿੱਚ ਦਵਾਈ ਪੈ ਜਾਣ ਤੇ ਤੁਰੰਤ ਹੀ ਅੱਖਾਂ ਹੌਲੀ-ਹੌਲੀ ਧੋਣੀਆਂ ਚਾਹੀਦੀਆਂ ਹਨ । ਅੱਖਾਂ ਨੂੰ ਉਸ ਸਮੇਂ ਤੱਕ ਧੋਦੇਂ ਰਹਿਣਾ ਚਾਹੀਦਾ ਹੈ ਜਦੋਂ ਤੱਕ ਕਿ ਡਾਕਟਰ ਨਾ ਪਹੁੰਚ ਜਾਵੇ ।

★ ਜੇਕਰ ਚਮੜੀ ਰਾਹੀਂ ਜ਼ਹਿਰ ਸਰੀਰ ਵਿੱਚ ਚਲਿਆ ਜਾਵੇ ਤਾਂ ਸਰੀਰ ਨੂੰ ਸਾਬਣ ਅਤੇ ਪਾਣੀ ਨਾਲ ਚੰਗੀ ਤਰ੍ਹਾਂ ਸਾਫ਼ ਕਰੋ । ਕੱਪੜੇ ਉਤਾਰ ਕੇ ਸਰੀਰ ਤੇ ਲਗਾਤਾਰ ਪਾਣੀ ਪਾਉਂਦੇ ਰਹੋ, ਕਿਉਂਕਿ ਇਸ ਨਾਲ ਕਾਫੀ ਫ਼ਰਕ ਪੈ ਜਾਂਦਾ ਹੈ ।

★ ਜ਼ਹਿਰ ਨਿਗਲ ਜਾਣ ਤੇ ਜਲਦੀ ਹੀ ਉਲਟੀ ਕਰਾ ਕੇ ਮਰੀਜ਼ ਦੇ ਪੇਟ ਵਿੱਚੋਂ ਜ਼ਹਿਰ ਕੱਢ ਦੇਣੀ ਚਾਹੀਦੀ ਹੈ । ਇਸ ਲਈ ਇੱਕ ਚਮਚ (15 ਗ੍ਰਾਮ) ਨਮਕ ਗਰਮ ਪਾਣੀ ਦੇ ਗਲਾਸ ਵਿੱਚ ਘੋਲ ਕੇ ਮਰੀਜ਼ ਨੂੰ ਦਿਓ ਅਤੇ ਇਹ ਅਮਲ ਉਸ ਸਮੇਂ ਤੱਕ ਦੁਹਰਾਉਂਦੇ ਰਹੋ ਜਿੰਨਾ ਚਿਰ ਤੱਕ ਕਿ ਉਲਟੀ ਨਾ ਆ ਜਾਵੇ ।



ਸਾਨੂੰ ਯੂਰਪੀ ਸੰਘ ਨੂੰ ਖੇਤੀਬਾੜੀ ਬਰਾਮਦ ਵਧਾਉਣ 'ਤੇ ਕੰਮ ਕਰਨਾ ਚਾਹੀਦਾ

ਅਰਪਿਤਾ ਮੁਖਰਜੀ,
ਲਤਿਕਾ ਖਟਵਾਨੀ

ਭਾਰਤ-ਯੂਰਪੀ ਸੰਘ ਮੁਕਤ ਵਪਾਰ ਸਮਝੌਤੇ (ਐਫ. ਟੀ. ਏ.) ਨੇ ਕਈ ਖੇਤੀਬਾੜੀ ਬਰਾਮਦਾਂ 'ਤੇ ਟੈਰਿਫ ਘਟਾ ਦਿੱਤੇ ਹਨ, ਪਰ ਸਿਰਫ਼ ਇਹ ਕਦਮ ਬਾਜ਼ਾਰ ਤੱਕ ਪਹੁੰਚ ਸੁਰੱਖਿਅਤ ਨਹੀਂ ਕਰਨਗੇ, ਜਦੋਂ ਤੱਕ ਸਾਡੇ ਬਰਾਮਦਕਾਰ ਯੂਰਪੀ ਸੰਘ ਦੇ ਉੱਚ ਦਰਾਮਦ ਮਿਆਰਾਂ ਅਤੇ ਟਿਕਾਊ ਉਤਪਾਦਨ ਲੋੜਾਂ ਨੂੰ ਪੂਰਾ ਨਹੀਂ ਕਰਦੇ। ਯੂਰਪੀ ਸੰਘ ਨੇ ਆਪਣੇ 'ਗ੍ਰੀਨ ਡੀਲ' ਅਤੇ ਉਸ ਤੋਂ ਬਾਅਦ ਦੇ ਨਿਰਦੇਸ਼ਾਂ, ਜਿਵੇਂ ਕਿ ਜੰਗਲਾਂ ਦੀ ਕਟਾਈ ਅਤੇ 'ਕਾਰਪੋਰੇਟ ਸਸਟੇਨੇਬਿਲਟੀ ਡਿਊ ਡਿਲੀਜੈਂਸ' ਰਾਹੀਂ ਖੁਰਾਕ ਸੁਰੱਖਿਆ, ਮਿੱਟੀ ਦੀ ਸਿਹਤ, ਵਾਤਾਵਰਣ ਅਤੇ ਲੇਬਰ ਮਿਆਰਾਂ ਨੂੰ ਕਵਰ ਕਰਨ ਵਾਲੇ ਸਖ਼ਤ ਨਿਯਮ ਲਾਗੂ ਕੀਤੇ ਹਨ। ਇਨ੍ਹਾਂ ਵਿੱਚ ਗ੍ਰੀਨਹਾਊਸ ਗੈਸਾਂ ਦੇ ਨਿਕਾਸ ਅਤੇ ਕਰਮਚਾਰੀਆਂ ਦੀਆਂ ਤਨਖਾਹਾਂ, ਸਿਹਤ, ਲਿੰਗ ਸੰਤੁਲਨ, ਉਮਰ ਦੀ ਯੋਗਤਾ ਅਤੇ ਕੰਮ ਦੀਆਂ ਸਥਿਤੀਆਂ 'ਤੇ ਨਿਯਮ ਸ਼ਾਮਲ ਹਨ।

ਯੂਰਪੀ ਸੰਘ ਭਾਰਤ ਦੇ ਚੋਟੀ ਦੇ ਖੇਤੀ-ਬਰਾਮਦ ਬਾਜ਼ਾਰਾਂ ਵਿੱਚੋਂ ਇੱਕ ਹੈ, ਜੋ 2024-25 ਵਿੱਚ ਸਾਡੇ ਬਰਾਮਦ ਦਾ 10 ਫ਼ੀਸਦੀ ਤੋਂ ਵੱਧ (5.25 ਬਿਲੀਅਨ) ਹਿੱਸਾ ਰੱਖਦਾ ਹੈ, ਜਦੋਂ ਕਿ ਐੱਫ. ਟੀ. ਏ. ਟੈਰਿਫ ਘਟਾਉਣ ਅਤੇ ਸਮੁੰਦਰੀ ਉਤਪਾਦਾਂ, ਅੰਗੂਰਾਂ ਅਤੇ ਹੋਰ ਵਸਤੂਆਂ ਦੀ ਬਰਾਮਦ ਸੰਭਾਵਨਾਵਾਂ ਨੂੰ ਵਧਾਉਣ ਵਿੱਚ ਮਦਦ ਕਰੇਗਾ, ਸਾਡੀਆਂ ਕੁਝ ਮੁੱਖ ਬਰਾਮਦ ਆਈਟਮਾਂ ਜਿਵੇਂ ਚੌਲ ਅਤੇ ਤੰਬਾਕੂ ਨੂੰ ਕੋਈ ਟੈਰਿਫ ਛੋਟ ਨਹੀਂ ਮਿਲਦੀ ਹੈ। 2024-25 ਵਿੱਚ, ਬਿਨਾਂ ਨਿਰਮਿਤ ਤੰਬਾਕੂ ਯੂਰਪੀ ਸੰਘ ਨੂੰ ਭਾਰਤ ਦੀ ਤੀਜੀ ਸਭ ਤੋਂ ਵੱਡੀ ਖੇਤੀ ਬਰਾਮਦ ਸੀ, ਜੋ ਅਜਿਹੀ ਬਰਾਮਦ ਦਾ 9.7 ਫ਼ੀਸਦੀ (511.8 ਮਿਲੀਅਨ) ਸੀ, ਜਦੋਂ ਕਿ ਬਾਸਮਤੀ ਚੌਲ 4.5 ਫ਼ੀਸਦੀ (236.9 ਮਿਲੀਅਨ) ਦੀ ਹਿੱਸੇਦਾਰੀ ਨਾਲ ਨਵੇਂ ਸਥਾਨ 'ਤੇ ਸੀ। ਅਜਿਹੇ ਉਤਪਾਦਾਂ ਲਈ ਬਰਾਮਦ ਬਾਜ਼ਾਰ ਸੁਰੱਖਿਅਤ ਕਰਨਾ ਇੱਕ ਲੋੜ ਹੈ ਅਤੇ ਇਸਦੇ ਲਈ ਯੂਰਪੀ ਸੰਘ ਦੇ ਮਿਆਰਾਂ ਨੂੰ ਪੂਰਾ ਕਰਨਾ ਲਾਜ਼ਮੀ ਹੈ।

ਭਾਰਤੀ ਚੌਲ ਬਰਾਮਦਕਾਰ ਖੁਰਾਕ ਸੁਰੱਖਿਆ, ਪਰਾਲੀ ਸਾੜਨ ਅਤੇ ਬਾਲ ਮਜ਼ਦੂਰੀ ਲਈ ਯੂਰਪੀ ਸੰਘ ਦੀ ਜਾਂਚ ਦੇ ਘੇਰੇ ਵਿੱਚ ਰਹੇ ਹਨ। 2020 ਅਤੇ 2025 ਦੇ ਵਿਚਕਾਰ, ਭਾਰਤੀ ਚੌਲ ਬਰਾਮਦ 'ਤੇ ਯੂਰਪੀ ਸੰਘ ਦੇ 'ਰੈਪਿਡ ਅਲਰਟ ਸਿਸਟਮ ਫਾਰ ਫੂਡ ਐਂਡ ਫੀਡ' ਨੂੰ 136 ਸੂਚਨਾਵਾਂ ਜਾਰੀ ਕੀਤੀਆਂ ਗਈਆਂ, ਜਿਨ੍ਹਾਂ ਵਿੱਚੋਂ 77 'ਟਰਾਈਸਾਈਕਲਾਜ਼ੋਲ' ਕਾਰਨ ਸਨ, ਜੋ 2016 ਤੋਂ ਯੂਰਪੀ ਸੰਘ ਵਿੱਚ ਪਾਬੰਦੀਸ਼ੁਦਾ ਕੀਟਨਾਸ਼ਕ ਹੈ। ਤੰਬਾਕੂ ਦੇ ਮਾਮਲੇ ਵਿੱਚ, ਅਕਾਰਬਨਿਕ ਖਾਦਾਂ ਦੀ ਬਹੁਤ ਜ਼ਿਆਦਾ ਵਰਤੋਂ, ਇੱਕ ਹੀ ਫ਼ਸਲ ਵਾਰ-ਵਾਰ ਉਗਾਉਣਾ ਅਤੇ ਸਿੰਚਾਈ ਦੇ ਪਾਣੀ ਦੀ ਖਰਾਬ ਗੁਣਵੱਤਾ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਘਟਾ ਰਹੀ ਹੈ। ਲੇਬਰ ਸਬੰਧੀ ਮੁੱਦੇ ਜਿਵੇਂ ਔਰਤਾਂ ਅਤੇ ਪ੍ਰਵਾਸੀ ਮਜ਼ਦੂਰਾਂ ਲਈ ਘੱਟ ਤਨਖਾਹਾਂ ਅਤੇ ਕਿੱਤਾਮੁਖੀ ਖਤਰੇ ਜਿਵੇਂ 'ਗ੍ਰੀਨ ਟੋਬੈਕੋ ਸਿਕਨੈੱਸ' ਦਾ ਜ਼ਿਕਰ ਕਈ ਅਧਿਐਨਾਂ ਵਿੱਚ ਕੀਤਾ ਗਿਆ ਹੈ। ਜੇਕਰ ਅਸੀਂ ਇਨ੍ਹਾਂ ਦਾ ਹੱਲ ਨਹੀਂ ਕਰਦੇ, ਤਾਂ ਅਸੀਂ ਆਪਣੇ ਮੁਕਾਬਲੇਬਾਜ਼ਾਂ ਦੇ ਹੱਥੋਂ ਯੂਰਪੀ ਸੰਘ ਦਾ ਬਾਜ਼ਾਰ ਖੋਹ ਸਕਦੇ ਹਾਂ।

ਜ਼ਿਆਦਾਤਰ ਭਾਰਤੀ ਕਿਸਾਨਾਂ ਅਤੇ ਲਘੂ ਅਤੇ ਦਰਮਿਆਨੇ ਉੱਦਮ (ਐੱਸ. ਐੱਮ. ਈ.) ਬਰਾਮਦਕਾਰਾਂ ਕੋਲ ਯੂਰਪੀ ਸੰਘ ਦੀਆਂ ਲੋੜਾਂ ਬਾਰੇ ਗਿਆਨ ਦੀ ਘਾਟ ਅਤੇ ਤਕਨੀਕ ਤੇ ਪ੍ਰਕਿਰਿਆਵਾਂ ਵਿੱਚ ਨਿਵੇਸ਼ ਲਈ ਵੰਡ ਨਹੀਂ ਹਨ। ਉਹ ਅਕਸਰ ਸਭ ਤੋਂ ਵਧੀਆ ਦੀ ਬਜਾਏ ਸਭ ਤੋਂ ਸਸਤੇ ਬਦਲ ਨੂੰ ਚੁਣਦੇ ਹਨ। ਕਈ ਖੇਤੀਬਾੜੀ ਖੇਤਰਾਂ ਵਿੱਚ ਪ੍ਰਤੱਖ ਵਿਦੇਸ਼ੀ ਨਿਵੇਸ਼ (ਐੱਫ. ਡੀ. ਆਈ.) ਦੀ ਇਜਾਜ਼ਤ ਨਹੀਂ ਹੈ, ਜਿਸ ਨਾਲ ਯੂਰਪੀ ਸੰਘ ਦੇ ਦਰਾਮਦਕਾਰਾਂ ਅਤੇ ਨਿਰਮਾਤਾਵਾਂ ਲਈ ਇੱਥੇ ਸਪਲਾਈ ਚੇਨ ਭਾਈਵਾਲਾਂ ਨਾਲ ਕੰਮ ਕਰਨਾ ਮੁਸ਼ਕਿਲ ਹੋ ਜਾਂਦਾ ਹੈ। ਭਾਰਤੀ ਕਿਸਾਨਾਂ ਅਤੇ ਐੱਸ. ਐੱਮ. ਈ. ਨੂੰ ਅਕਸਰ ਇਹ ਨਹੀਂ ਦੱਸਿਆ ਜਾਂਦਾ ਕਿ ਉਨ੍ਹਾਂ ਦੇ ਉਤਪਾਦ ਬਰਾਮਦ ਲਈ ਹਨ, ਤਾਂ ਜੋ ਉਹ ਵੱਧ ਕੀਮਤ ਦੀ ਮੰਗ ਨਾ ਕਰਨ।

ਤੰਬਾਕੂ ਬੋਰਡ ਅਤੇ ਨੈਸ਼ਨਲ ਇੰਸਟੀਚਿਊਟ ਫਾਰ ਰਿਸਰਚ ਇਨ ਕੈਮੀਕਲ ਐਗਰੀਕਲਚਰ ਵਰਗੀਆਂ ਸਰਕਾਰੀ ਏਜੰਸੀਆਂ ਨੇ ਮੁੱਖ ਜੋਖਮਾਂ ਦੀ ਪਛਾਣ ਕੀਤੀ ਹੈ ਅਤੇ ਇਕ ਨਿਰਧਾਰਿਤ ਮਿਆਦ ਦੇ ਅੰਦਰ ਖਾਦਾਂ ਦੀ ਵਰਤੋਂ ਵਿੱਚ 20 ਫ਼ੀਸਦੀ ਅਤੇ ਕੀਟਨਾਸ਼ਕਾਂ ਵਿੱਚ 50 ਫ਼ੀਸਦੀ ਦੀ ਕਮੀ ਲਿਆਉਣ ਦਾ ਟੀਚਾ ਰੱਖਿਆ ਹੈ। ਉਨ੍ਹਾਂ ਨੇ ਯੂਰਪੀ ਸੰਘ ਦੀਆਂ ਲੋੜਾਂ ਨੂੰ ਪੂਰਾ ਕਰਨ ਵਿੱਚ ਮਦਦ



ਕਰਨ ਵਾਲੀਆਂ ਤਕਨੀਕਾਂ ਦੀ ਵੀ ਪਛਾਣ ਕੀਤੀ ਹੈ ਪਰ ਲਾਗੂ ਕਰਨ ਲਈ ਫੰਡਾਂ ਦੀ ਲੋੜ ਹੈ।

ਤੰਬਾਕੂ ਨਿਰਮਾਣ ਵਿੱਚ ਐੱਫ. ਡੀ. ਆਈ. 'ਤੇ ਪਾਬੰਦੀ ਹੈ ਅਤੇ ਯੂਰਪੀ ਸੰਘ ਦੀਆਂ ਕੰਪਨੀਆਂ ਨਹੀਂ ਜਾਣਦੀਆਂ ਕਿ ਉਹ ਐੱਸ. ਐੱਮ. ਈ. ਵਿੱਚ ਕਿਵੇਂ ਨਿਵੇਸ਼ ਕਰ ਸਕਦੀਆਂ ਹਨ। ਇਸ ਦੌਰਾਨ, ਸਾਡੇ ਕੁਝ ਮੁਕਾਬਲੇਬਾਜ਼ ਦੇਸ਼ਾਂ ਨੇ ਬਰਾਮਦ ਦੇ ਸਮਰੱਥਨ ਵਿੱਚ ਐੱਫ. ਡੀ. ਆਈ. ਦੀ ਇਜਾਜ਼ਤ ਦਿੱਤੀ ਹੈ। ਬ੍ਰਾਜ਼ੀਲ ਅਤੇ ਇੰਡੋਨੇਸ਼ੀਆ ਤੰਬਾਕੂ ਵਿੱਚ ਐਫ. ਡੀ. ਆਈ. ਦੀ ਇਜਾਜ਼ਤ ਦਿੰਦੇ ਹਨ ਅਤੇ ਇਸ ਲਈ ਉਨ੍ਹਾਂ ਦੀਆਂ ਫਰਮਾਂ ਆਸਾਨੀ ਨਾਲ ਯੂਰਪੀ ਸੰਘ ਦੀਆਂ ਕੰਪਨੀਆਂ ਦੀ ਸਪਲਾਈ ਚੇਨ ਵਿੱਚ ਸ਼ਾਮਲ ਹੋ ਸਕਦੀਆਂ ਹਨ। ਚੀਨ ਵਿੱਚ, ਪੂਰੀ ਸਪਲਾਈ ਚੇਨ ਸਰਕਾਰ ਦੀ ਮਲਕੀਅਤ ਹੇਠ ਹੈ ਪਰ ਸਰਕਾਰ ਬਰਾਮਦ ਲੋੜਾਂ ਨੂੰ ਪੂਰਾ ਕਰਨ ਲਈ ਭਾਰੀ ਨਿਵੇਸ਼ ਕਰ ਰਹੀ ਹੈ।

ਭਾਰਤ ਨੂੰ ਆਪਣੇ ਐੱਫ. ਡੀ. ਆਈ. ਪ੍ਰਤੀਬੰਧਾਂ ਦੀ ਸਮੀਖਿਆ ਕਰਨੀ ਚਾਹੀਦੀ ਹੈ ਅਤੇ ਬਰਾਮਦ ਲਈ ਸਮਾਰਟ ਬਦਲਾਂ ਬਾਰੇ ਸੋਚਣਾ ਚਾਹੀਦਾ ਹੈ ਜਿਨ੍ਹਾਂ ਨੂੰ ਭਾਰਤ-ਈ. ਯੂ. ਨਿਵੇਸ਼ ਸਮਝੌਤੇ ਦਾ ਹਿੱਸਾ ਬਣਾਇਆ ਜਾ ਸਕਦਾ ਹੈ। ਬਰਾਮਦ ਸਫ਼ਲਤਾ ਲਈ ਖੇਤਰ-ਵਿਸ਼ੇਸ਼ ਲੋੜਾਂ 'ਤੇ ਆਧਾਰਿਤ ਇੱਕ ਸੁਚੱਜੀ, ਬਰਾਮਦ-ਮੁਖੀ ਨਿਵੇਸ਼ ਰਣਨੀਤੀ ਜ਼ਰੂਰੀ ਹੈ। ਇਸਦੇ ਲਈ ਘਰੇਲੂ ਨੀਤੀਆਂ ਵਿੱਚ ਸੁਧਾਰ ਦੀ ਲੋੜ ਹੋਵੇਗੀ ਤਾਂ ਜੋ ਸਥਾਨਕ ਉਤਪਾਦਕ ਵਿਸ਼ਵ ਮਿਆਰਾਂ ਨੂੰ ਪੂਰਾ ਕਰ ਸਕਣ।

ਭਾਰਤ ਨੇ ਹਾਲ ਹੀ ਵਿੱਚ ਚੀਨ ਤੋਂ ਐੱਫ. ਡੀ. ਆਈ. ਵਿੱਚ ਢਿੱਲ ਦਿੱਤੀ ਹੈ। ਸ਼ਾਇਦ ਹੁਣ ਸਮਾਂ ਆ ਗਿਆ ਹੈ ਕਿ ਨਵੀਂ ਦਿੱਲੀ ਵਿਸ਼ਵ ਵਪਾਰ ਸੰਗਠਨ (ਡਬਲਯੂ. ਟੀ. ਓ.) ਵਿੱਚ 'ਇਨਵੈਸਟਮੈਂਟ ਫੈਸਿਲੀਟੇਸ਼ਨ ਫਾਰ ਡਿਵੈਲਪਮੈਂਟ' ਸਮੂਹ ਵਿੱਚ ਸ਼ਾਮਲ ਹੋਣ 'ਤੇ ਆਪਣੀ ਸਥਿਤੀ 'ਤੇ ਮੁੜ ਵਿਚਾਰ ਕਰੇ।

('ਮਿੰਟ' ਤੋਂ ਧੰਨਵਾਦ ਸਹਿਤ)

ਖੇਤੀਬਾੜੀ ਲਈ ਨਹਿਰੀ ਪਾਣੀ ਦੀ ਸੁਚੱਜੀ ਵਰਤੋਂ

ਨਹਿਰੀ ਪਾਣੀ ਦੀ ਸੁਚੱਜੀ ਵਰਤੋਂ ਨਾਲ ਕਿਸਾਨਾਂ ਦਾ ਖ਼ਰਚਾ ਘਟਦਾ ਹੈ, ਫ਼ਸਲ ਦੀ ਗੁਣਵੱਤਾ ਵਧਦੀ ਹੈ, ਬਿਜਲੀ ਦੀ ਮੰਗ ਵੀ ਘਟਦੀ ਹੈ ਤੇ ਭਵਿੱਖ ਦੀਆਂ ਪੀੜ੍ਹੀਆਂ ਲਈ ਪਾਣੀ ਬਚਦਾ ਹੈ...

ਪੰਜਾਬ ਨੂੰ 'ਪੰਜ ਪਾਣੀਆਂ ਦੀ ਧਰਤੀ' ਕਿਹਾ ਜਾਂਦਾ ਹੈ ਪਰ ਅੱਜ ਦੇ ਸਮੇਂ ਇਸ ਧਰਤੀ ਦਾ ਸਭ ਤੋਂ ਵੱਡਾ ਸੰਕਟ ਧਰਤੀ ਹੇਠਲੇ ਪਾਣੀ ਦਾ ਡਿੱਗਦਾ ਪੱਧਰ ਹੈ। ਪਿਛਲੇ ਕਈ ਦਹਾਕਿਆਂ ਤੋਂ ਝੋਨੇ ਦੀ ਫ਼ਸਲ ਲਈ ਟਿਊਬਵੈੱਲਾਂ 'ਤੇ ਲੋੜੋਂ ਵੱਧ ਨਿਰਭਰਤਾ ਕਾਰਨ ਸੂਬੇ ਦੇ 80-90 ਫ਼ੀਸਦ ਬਲਾਕ ਡਾਰਕ ਸ਼੍ਰੇਣੀ ਵਿੱਚ ਆ ਚੁੱਕੇ ਹਨ। ਇਸ ਸਥਿਤੀ ਵਿੱਚ ਨਹਿਰੀ ਪਾਣੀ ਦੀ ਸੁਚੱਜੀ ਅਤੇ ਵਧੇਰੇ ਵਰਤੋਂ ਇੱਕੋ ਇੱਕ ਟਿਕਾਊ ਹੱਲ ਹੈ। ਪੰਜਾਬ ਵਿੱਚ ਕੁੱਲ ਸਿੰਚਾਈ ਵਾਲੇ ਰਕਬੇ ਦਾ ਲਗਪਗ 27-30 ਫ਼ੀਸਦ ਹਿੱਸਾ ਪਹਿਲਾ ਨਹਿਰੀ ਪਾਣੀ ਨਾਲ ਸਿੰਜਿਆ ਜਾਂਦਾ ਸੀ, ਜੋ ਕਿ 2020 ਦੇ ਆਸਪਾਸ ਘਟ ਕੇ 20-25 ਫ਼ੀਸਦ ਰਹਿ ਗਿਆ ਸੀ ਪਰ 2022 ਤੋਂ ਬਾਅਦ ਸੂਬਾ ਸਰਕਾਰ ਵੱਲੋਂ ਨਹਿਰੀ ਸਿਸਟਮ ਦੀ ਮੁੜ-ਮੁਰੰਮਤ, ਨਵੀਆਂ ਪਾਈਪਲਾਈਨਾਂ ਤੇ ਆਊਟਲੈੱਟਾਂ ਨੂੰ ਬਹਾਲ ਕਰਨ ਨਾਲ ਇਹ ਅੰਕੜਾ ਤੇਜ਼ੀ ਨਾਲ ਵਧਿਆ ਹੈ। ਤਾਜ਼ਾ ਅੰਕੜਿਆਂ ਅਨੁਸਾਰ 2025-26 ਵਿੱਚ ਨਹਿਰੀ ਪਾਣੀ ਨਾਲ ਸਿੰਚਾਈ ਵਾਲਾ ਰਕਬਾ ਪਹਿਲਾਂ ਨਾਲੋਂ ਕਾਫ਼ੀ ਵੱਧ ਚੁੱਕਾ ਹੈ ਤੇ ਕਈ ਇਲਾਕਿਆਂ ਵਿੱਚ 4 ਗੁਣਾ ਵਾਧਾ ਦਰਜ ਕੀਤਾ ਗਿਆ ਹੈ। ਲਗਪਗ 2200 ਕਿਲੋਮੀਟਰ ਪਾਈਪਲਾਈਨਾਂ ਵਿਛਾਈਆਂ ਗਈਆਂ ਤੇ 1300 ਤੋਂ ਵੱਧ ਪਿੰਡਾਂ ਨੂੰ ਪਹਿਲੀ ਵਾਰ ਨਹਿਰੀ



ਪਾਣੀ ਮਿਲਿਆ। ਇਸ ਨਾਲ ਧਰਤੀ ਹੇਠਲੇ ਪਾਣੀ 'ਤੇ ਬੋਝ ਘਟਿਆ ਅਤੇ ਬਿਜਲੀ ਊਰਜਾ ਦੀ ਵੀ ਬਚਤ ਹੋਈ ਹੈ। ਨਹਿਰੀ ਪਾਣੀ ਦੀ ਸੁਚੱਜੀ ਵਰਤੋਂ ਨਾਲ ਕਿਸਾਨਾਂ ਦਾ ਖ਼ਰਚਾ ਘਟਦਾ ਹੈ, ਫ਼ਸਲ ਦੀ ਗੁਣਵੱਤਾ ਵਧਦੀ ਹੈ ਤੇ ਬਿਜਲੀ ਦੀ ਮੰਗ ਵੀ ਘਟਦੀ ਹੈ। ਇਸ ਨਾਲ ਧਰਤੀ ਹੇਠਲੇ ਪਾਣੀ ਦਾ ਰੀਚਾਰਜ ਵੱਧਦਾ ਹੈ ਤੇ ਭਵਿੱਖ ਦੀਆਂ ਪੀੜ੍ਹੀਆਂ ਲਈ ਪਾਣੀ ਬਚਦਾ ਹੈ ਪਰ ਚੁਣੌਤੀਆਂ ਵੀ ਹਨ। ਨਹਿਰਾਂ ਦੀ ਪੁਰਾਣੀ ਵਿਵਸਥਾ, ਸੀਪੇਜ, ਅਸਮਾਨ ਵੰਡ ਅਤੇ ਕੁਝ ਇਲਾਕਿਆਂ ਵਿੱਚ ਪਾਣੀ ਦੀ ਅਜੇ ਵੀ ਘਾਟ ਹੈ। ਇਨ੍ਹਾਂ ਨੂੰ ਹੱਲ ਕਰਨ ਲਈ ਸਰਕਾਰ, ਕਿਸਾਨ ਅਤੇ ਵਾਟਰ ਯੂਜ਼ਰ ਐਸੋਸੀਏਸ਼ਨਾਂ ਨੂੰ ਮਿਲ ਕੇ ਕੰਮ ਕਰਨਾ ਪਵੇਗਾ। ਨਹਿਰੀ ਪਾਣੀ ਪੰਜਾਬ ਦੀ ਖੇਤੀ ਦਾ ਸਭ ਤੋਂ ਵੱਡਾ ਟਿਕਾਊ ਸੋਮਾ ਹੈ। ਇਸ ਦੀ ਸੁਚੱਜੀ ਵਰਤੋਂ ਨਾਲ ਅਸੀਂ ਨਾ ਸਿਰਫ਼ ਮੌਜੂਦ ਸੰਕਟ ਤੋਂ ਬਚ ਸਕਦੇ ਹਾਂ ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਹਰਿਆਲੀ ਵਾਲਾ ਪੰਜਾਬ ਵੀ ਛੱਡ ਸਕਦੇ ਹਾਂ। ਲੇਜ਼ਰ ਲੈਵਲਿੰਗ, ਪਾਈਪਲਾਈਨ, ਸੂਖਮ ਸਿੰਚਾਈ ਤੇ ਸਹੀ ਵੰਡ ਨਾਲ ਨਹਿਰੀ ਪਾਣੀ ਨੂੰ ਹਰ ਖੇਤ ਤੱਕ ਪਹੁੰਚਾਉਣਾ ਤੇ ਬਰਬਾਦੀ ਰੋਕਣਾ ਸਮੇਂ ਦੀ ਮੁੱਖ ਲੋੜ ਹੈ। ਜੇ ਅਸੀਂ ਅੱਜ ਇਸ ਵੱਲ ਧਿਆਨ ਨਾ ਦਿੱਤਾ ਤਾਂ ਕੱਲ੍ਹ ਖੇਤੀਬਾੜੀ ਲਈ ਪਾਣੀ ਲਈ ਤਰਸਣਾ ਪਵੇਗਾ। ਸੁਚੱਜੀ ਵਰਤੋਂ ਅੱਜ ਦੀ ਲੋੜ ਨਹੀਂ, ਸਗੋਂ ਕੱਲ੍ਹ ਦੀ ਸੁਰੱਖਿਆ ਹੈ।

ਸੁਚੱਜੀ ਵਰਤੋਂ ਲਈ ਤਕਨੀਕਾਂ

ਲੇਜ਼ਰ ਲੈਵਲਿੰਗ : ਖੇਤ ਨੂੰ ਪੱਧਰਾ ਕਰਨ ਨਾਲ ਪਾਣੀ ਇਕਸਾਰ ਫੈਲਦਾ ਹੈ ਅਤੇ 20-30 ਫ਼ੀਸਦ ਪਾਣੀ ਬਚਦਾ ਹੈ। ਨਹਿਰੀ ਪਾਣੀ ਵਾਲੇ ਖੇਤਾਂ ਵਿੱਚ ਇਹ ਬਹੁਤ ਅਸਰਦਾਰ ਹੈ।

ਪਾਈਪਲਾਈਨ ਤੇ ਲਾਈਨਿੰਗ : ਨਹਿਰਾਂ ਤੇ ਰਜਬਾਹਿਆਂ ਵਿੱਚ ਸੀਮਿੰਟ ਲਾਈਨਿੰਗ ਦਾ ਪਾਈਪਲਾਈਨ ਨਾਲ ਸੀਪੇਜ (ਰਿਸਾਅ) ਘੱਟ ਹੁੰਦਾ ਹੈ। ਪੰਜਾਬ ਵਿੱਚ ਪਾਈਪਲਾਈਨ ਪ੍ਰੋਜੈਕਟ ਨੇ ਬਹੁਤ ਸਾਰੇ ਇਲਾਕਿਆਂ ਵਿੱਚ ਪਾਣੀ ਦੀ ਬਰਬਾਦੀ ਰੋਕੀ ਹੈ।

ਡਰਿੱਪ ਤੇ ਸਪਰਿੰਕਲਰ : ਨਹਿਰੀ ਪਾਣੀ ਨੂੰ ਡਰਿਪ ਸਿਸਟਮ ਨਾਲ ਜੋੜ ਕੇ ਖ਼ਾਸ ਕਰ ਕੇ ਕਪਾਹ, ਸਬਜ਼ੀਆਂ ਅਤੇ ਬਾਗਬਾਨੀ ਵਿੱਚ 40-60 ਫ਼ੀਸਦ ਪਾਣੀ ਬਚਾਇਆ ਜਾ ਸਕਦਾ ਹੈ। ਪੰਜਾਬ ਦੇ ਦੱਖਣ-ਪੱਛਮੀ ਇਲਾਕਿਆਂ ਵਿੱਚ ਇਹ ਤਕਨੀਕ ਖ਼ਾਰੇ ਪਾਣੀ ਨੂੰ ਵੀ ਬਿਹਤਰ ਵਰਤਣ ਵਿੱਚ ਮਦਦ ਕਰਦੀ ਹੈ।

ਰੋਟੇਸ਼ਨ : ਨਹਿਰੀ ਪਾਣੀ ਦੀ ਵੰਡ ਨੂੰ ਵਾਰੀਆਂ ਅਨੁਸਾਰ ਸੰਗਠਿਤ ਕਰਨ ਨਾਲ ਹਰ ਕਿਸਾਨ ਨੂੰ ਬਰਾਬਰ ਮੌਕਾ ਮਿਲਦਾ ਹੈ ਅਤੇ ਓਵਰ ਫਲਡਿੰਗ ਰੁਕਦੀ ਹੈ।

ਝੋਨੇ ਵਿੱਚ ਵਿਸ਼ੇਸ਼ ਤਕਨੀਕਾਂ : ਲੇਜ਼ਰ ਲੈਵਲਿੰਗ ਤੋਂ ਇਲਾਵਾ ਐਰੋਬਿਕ ਰਾਈਸ ਅਤੇ ਸਿਰਫ਼ 'ਵੈਟ ਐਂਡ ਡਰਾਈ' ਵਿਧੀ ਨਾਲ ਝੋਨੇ ਵਿੱਚ 25-40 ਫ਼ੀਸਦ ਪਾਣੀ ਬਚਾਇਆ ਜਾ ਸਕਦਾ ਹੈ। ਨਹਿਰੀ ਪਾਣੀ ਨੂੰ ਇਸ ਫ਼ਸਲ ਲਈ ਪਹਿਲ ਦੇਣ ਨਾਲ ਟਿਊਬਵੈੱਲ ਘੱਟ ਚੱਲਦੇ ਹਨ।

ਟਿਕਾਊ ਖੇਤੀ ਵੰਨ-ਸੁਵੰਨਤਾ ਦਾ ਮਾਡਲ

ਤੇਲਬੀਜ ਫ਼ਸਲਾਂ ਤੇ ਸਹਾਇਕ ਧੰਦੇ



ਗੁਰਲਾਭ ਸਿੰਘ ਸਿੱਧੂ
ਚਾਂਸਲਰ, ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ, ਬਠਿੰਡਾ

ਪੰਜਾਬ ਦੀ ਖੇਤੀਬਾੜੀ ਇੱਕ ਨਿਰਣਾਇਕ ਮੋੜ 'ਤੇ ਆ ਖੜ੍ਹੀ ਹੈ। ਝੋਨਾ-ਕਣਕ ਦੇ ਫ਼ਸਲੀ ਚੱਕਰ ਨੇ ਦੇਸ਼ ਦੀ ਭੋਜਨ ਸੁਰੱਖਿਆ ਨੂੰ ਮਜ਼ਬੂਤ ਤਾਂ ਕੀਤਾ ਪਰ ਇਸ ਨੇ ਧਰਤੀ ਹੇਠਲੇ ਜਲ, ਮਿੱਟੀ ਦੀ ਸਿਹਤ ਅਤੇ ਕਿਸਾਨਾਂ ਦੀ ਆਮਦਨ 'ਤੇ ਗੰਭੀਰ ਦਬਾਅ ਪਾਇਆ ਹੈ। ਵੱਧ ਰਹੇ ਖ਼ਰਚੇ ਤੇ ਘੱਟ ਫ਼ਾਇਦੇ ਕਾਰਨ ਫ਼ਸਲੀ ਵੰਨ-ਸੁਵੰਨਤਾ ਅੱਜ ਸਮੇਂ ਦੀ ਲੋੜ ਹੈ। ਇਸ ਸੰਦਰਭ ਵਿੱਚ ਤੇਲਬੀਜ ਫ਼ਸਲਾਂ ਖ਼ਾਸ ਕਰਕੇ ਰਾਇਆ, ਸਰ੍ਹੋਂ ਤੇ ਗੋਭੀ ਸਰ੍ਹੋਂ ਵਿਗਿਆਨਕ ਤੌਰ 'ਤੇ ਮਜ਼ਬੂਤ, ਆਰਥਿਕ ਤੌਰ 'ਤੇ ਲਾਭਕਾਰੀ ਅਤੇ ਚੌਗਿਰਦੇ ਦੇ ਅਨੁਕੂਲ ਬਦਲ ਹਨ, ਖ਼ਾਸ ਤੌਰ 'ਤੇ ਦੱਖਣ-ਪੱਛਮੀ ਪੰਜਾਬ ਲਈ। ਸਾਲ 2023-24 ਦੌਰਾਨ ਪੰਜਾਬ ਵਿੱਚ ਤੇਲਬੀਜ ਫ਼ਸਲਾਂ 43.1 ਹਜ਼ਾਰ ਹੈਕਟੇਅਰ ਖੇਤਰ ਵਿੱਚ ਬੀਜੀਆਂ ਗਈਆਂ, ਜਿਨ੍ਹਾਂ ਦੀ ਕੁੱਲ ਪੈਦਾਵਾਰ 69.4 ਹਜ਼ਾਰ ਟਨ ਅਤੇ ਔਸਤ ਉਪਜ 16.1 ਕੁਇੰਟਲ ਪ੍ਰਤੀ ਹੈਕਟੇਅਰ ਰਹੀ।

ਭਾਰਤ ਅਜੇ ਵੀ ਖਾਣ ਵਾਲੇ ਤੇਲ ਦੀ ਵੱਡੀ ਪੂਰਤੀ ਕਰਨ ਲਈ ਆਯਾਤ 'ਤੇ ਨਿਰਭਰ ਹੈ। ਇਸ ਲਈ ਦੇਸ਼ ਵਿੱਚ ਤੇਲਬੀਜ ਉਤਪਾਦਨ ਵਧਾਉਣਾ ਰਣਨੀਤਕ ਲੋੜ ਹੈ। ਰਾਇਆ ਅਤੇ ਸਰ੍ਹੋਂ ਹਾੜ੍ਹੀ ਦੀਆਂ ਫ਼ਸਲਾਂ ਵਜੋਂ ਆਮ ਤੌਰ 'ਤੇ ਢੁਕਵੀਆਂ ਹਨ। ਇਨ੍ਹਾਂ ਨੂੰ ਝੋਨੇ ਨਾਲੋਂ ਘੱਟ ਸਿੰਚਾਈ ਦੀ ਲੋੜ ਹੁੰਦੀ ਹੈ ਤੇ ਇਹ ਕਈ ਤਰ੍ਹਾਂ ਦੇ ਆਰਥਿਕ ਲਾਭ ਪ੍ਰਦਾਨ ਕਰਦੀਆਂ ਹਨ। ਇਹ ਫ਼ਸਲਾਂ ਤੇਲ ਦੇ ਨਾਲ-ਨਾਲ ਖਲ ਵੀ ਪ੍ਰਦਾਨ ਕਰਦੀਆਂ ਹਨ, ਜੋ ਡੇਅਰੀ ਖੇਤਰ ਲਈ ਪ੍ਰੋਟੀਨ ਦਾ ਭਰਪੂਰ ਸੋਤ ਸਾਬਿਤ ਹੁੰਦਾ ਹੈ। ਚੰਗੇ ਪ੍ਰਬੰਧਨ ਨਾਲ ਕਿਸਾਨ ਇਨ੍ਹਾਂ ਫ਼ਸਲਾਂ ਦੀ 7-10 ਕੁਇੰਟਲ ਤੱਕ ਪ੍ਰਤੀ ਏਕੜ ਉਪਜ ਲੈ ਸਕਦੇ ਹਨ ਅਤੇ ਪ੍ਰਗਤੀਸ਼ੀਲ ਕਿਸਾਨ ਇਸ ਤੋਂ ਵੀ ਵੱਧ ਉਤਪਾਦਨ ਕਰ ਰਹੇ ਹਨ।

ਪੰਜਾਬ ਦੇ ਦੱਖਣ-ਪੱਛਮੀ ਜ਼ਿਲ੍ਹੇ ਜਿੱਥੇ ਸਰਦੀਆਂ ਦਾ ਤਾਪਮਾਨ ਉੱਚਿਤ ਤੇ ਮਿੱਟੀ ਢੁਕਵੀਂ ਹੈ, ਰਾਇਆ ਅਤੇ ਸਰ੍ਹੋਂ ਦੀ ਕਾਸ਼ਤ ਲਈ ਬਹੁਤ ਹੀ ਢੁਕਵੇਂ ਇਲਾਕੇ ਹਨ। ਪੰਜਾਬ ਵਿੱਚ ਸਿਫ਼ਾਰਸ਼ ਕੀਤੀਆਂ ਕਿਸਮਾਂ ਵਿੱਚ ਰਾਇਆ (ਪੀ. ਐੱਚ. ਆਰ.-127, ਆਰ. ਸੀ. ਐੱਚ.-1, ਪੀ. ਐੱਚ. ਆਰ.-126, ਗਿਰੀਰਾਜ, ਆਰ. ਐੱਲ. ਸੀ.-3, ਪੀ. ਬੀ. ਆਰ.-357, ਪੀ. ਬੀ. ਆਰ.-97, ਪੀ. ਬੀ. ਆਰ.-91), ਗੋਭੀ ਸਰ੍ਹੋਂ (ਪੀ. ਬੀ. ਐੱਸ. ਐੱਚ.-2155, ਪੀ. ਬੀ. ਐੱਸ. ਐੱਚ.-1707, ਜੀ. ਐੱਸ. ਸੀ.-7, ਜੀ. ਐੱਸ. ਸੀ.-6), ਅਫ਼ਰੀਕੀ ਸਰ੍ਹੋਂ (ਪੀ. ਸੀ.-6) ਅਤੇ ਤਾਰਾਮੀਰਾ (ਟੀ. ਐਮ. ਐੱਲ. ਸੀ.-2) ਸ਼ਾਮਿਲ ਹਨ। ਵਧੀਆ ਤੇਲ ਤੇ ਉਪਜ ਸਮਰੱਥਾ ਕਾਰਨ ਗੋਭੀ ਸਰ੍ਹੋਂ ਤੇਜ਼ੀ ਨਾਲ ਸੂਬੇ ਵਿੱਚ ਪ੍ਰਸਿੱਧ ਹੋ ਰਹੀ ਹੈ।

ਮੌਜੂਦਾ ਸੀਜ਼ਨ ਵਿੱਚ ਗੁਰੂ ਕਾਸ਼ੀ ਯੂਨੀਵਰਸਿਟੀ ਵਲੋਂ ਆਪਣੇ ਖੋਜ ਤੇ ਸਿਖਲਾਈ ਖੇਤਾਂ ਵਿੱਚ ਗੋਭੀ ਸਰ੍ਹੋਂ ਦੀ ਜੀ. ਐੱਸ. ਐੱਲ.-7 ਕਿਸਮ ਦੀ ਕਾਸ਼ਤ ਦਾ ਸਫ਼ਲ ਪ੍ਰਦਰਸ਼ਨ ਕੀਤਾ ਹੈ। ਫ਼ਸਲ ਮੱਧ ਅਕਤੂਬਰ ਵਿੱਚ ਪ੍ਰਤੀ ਏਕੜ 1.5 ਕਿਲੋਗ੍ਰਾਮ ਬੀਜ ਨਾਲ ਬੀਜੀ ਗਈ। ਕਤਾਰਾਂ ਵਿੱਚ 45 ਸੈਂਟੀਮੀਟਰ ਅਤੇ ਬੂਟਿਆਂ ਵਿੱਚ 10-15 ਸੈਂਟੀਮੀਟਰ ਦਾ ਫ਼ਾਸਲਾ ਰੱਖਿਆ ਗਿਆ ਤੇ ਬੀਜ 5 ਸੈਂਟੀਮੀਟਰ ਡੂੰਘੇ ਬੀਜ ਬੀਜੇ। ਵਧੀਆ ਵਾਧੇ ਲਈ ਪ੍ਰਤੀ ਏਕੜ ਲਗਭਗ 90 ਕਿਲੋਗ੍ਰਾਮ ਯੂਰੀਆ ਤੇ 75 ਕਿਲੋਗ੍ਰਾਮ ਫ਼ਾਸਫੋਰਸ (ਸਿੰਗਲ ਸੁਪਰ ਫ਼ਾਸਫੇਟ ਰਾਹੀ) ਦਿੱਤਾ ਗਿਆ। ਫ਼ਾਸਫੋਰਸ ਤੇ ਪੋਟਾਸ਼ ਦੀ ਪੂਰੀ ਮਾਤਰਾ ਅਤੇ ਨਾਈਟ੍ਰੋਜਨ ਦਾ ਅੱਧਾ ਹਿੱਸਾ ਬਿਜਾਈ ਸਮੇਂ ਦਿੱਤਾ ਗਿਆ, ਜਦਕਿ ਬਾਕੀ ਨਾਈਟ੍ਰੋਜਨ ਪਹਿਲੀ ਸਿੰਚਾਈ ਤੋਂ ਪਹਿਲਾਂ ਦਿੱਤੀ ਗਈ। ਫੁੱਲ ਆਉਣ, ਫਲੀ ਬਣਨ ਤੇ ਦਾਣਾ ਬਣਨ ਦੇ ਸਮੇਂ ਸਿੰਚਾਈ ਯਕੀਨੀ ਬਣਾਈ ਗਈ। ਇੱਕ ਮਹੀਨੇ ਬਾਅਦ ਤੇ ਤਿੰਨ ਹਫ਼ਤੇ ਬਾਅਦ ਹੱਥੀ ਗੁਡਾਈ ਨਾਲ ਨਦੀਨਾਂ 'ਤੇ ਕਾਬੂ ਪਾਇਆ ਗਿਆ। ਜ਼ਰੂਰਤ ਪੈਣ 'ਤੇ 350 ਮਿਲੀਲੀਟਰ ਪੈਂਡੀਮੈਥਾਲਿਨ 38.7 ਐੱਸ. ਸੀ. ਨੂੰ 200 ਲੀਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਵਰਤਿਆ ਜਾ ਸਕਦਾ ਹੈ। ਹਾਲਾਂਕਿ ਯੂਨੀਵਰਸਿਟੀ ਖੇਤਾਂ ਵਿੱਚ ਇਸ ਦੀ ਜ਼ਰੂਰਤ ਨਹੀਂ ਪਈ। ਯੂਨੀਵਰਸਿਟੀ ਦੇ ਖੇਤਾਂ ਵਿੱਚ ਖੜ੍ਹੀ ਭਰਪੂਰ ਫ਼ਸਲ ਵਿਗਿਆਨਕ ਪ੍ਰਬੰਧਨ ਹੇਠ ਗੋਭੀ ਸਰ੍ਹੋਂ ਦੀ ਵੱਡੀ ਸੰਭਾਵਨਾ ਨੂੰ ਸਪੱਸ਼ਟ ਕਰਦੀ ਹੈ। ਅਸੀਂ ਖਾਦਾਂ ਦੀ ਵਰਤੋਂ ਮਿੱਟੀ ਦੀ ਜਾਂਚ ਦੇ ਆਧਾਰ 'ਤੇ ਕਰਨ ਦੀ ਸਿਫ਼ਾਰਸ਼ ਕਰਦੇ ਹਾਂ। ਕਿਸਾਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਜਾਂ ਗੁਰੂ ਕਾਸ਼ੀ ਯੂਨੀਵਰਸਿਟੀ ਬਠਿੰਡਾ ਦੀਆਂ ਪ੍ਰਯੋਗਸ਼ਾਲਾਵਾਂ ਵਿੱਚ ਮਿੱਟੀ ਦੀ ਜਾਂਚ ਕਰਵਾ ਸਕਦੇ ਹਨ। ਸੰਤੁਲਿਤ ਪੋਸ਼ਕ ਪ੍ਰਬੰਧਨ ਨਾਲ ਖ਼ਰਚੇ ਘਟਦੇ ਹਨ ਤੇ ਲੰਮੇ ਸਮੇਂ ਲਈ ਮਿੱਟੀ ਦੀ ਉਪਜਾਊ ਸ਼ਕਤੀ ਬਰਕਰਾਰ ਰਹਿੰਦੀ ਹੈ।

ਸਰ੍ਹੋਂ ਦੇ ਬੀਜਾਂ ਵਿੱਚ ਲਗਭਗ 38-42 ਫ਼ੀਸਦੀ ਤੇਲ ਹੁੰਦਾ ਹੈ, ਜੋ ਇਸ ਨੂੰ ਆਰਥਿਕ ਤੌਰ 'ਤੇ ਲਾਭਕਾਰੀ ਬਣਾਉਂਦਾ ਹੈ। ਤੇਲ ਨਿਕਾਸੀ ਰਵਾਇਤੀ ਘਾਣੀਆਂ ਜਾਂ ਆਧੁਨਿਕ ਸਾਲਵੈਂਟ ਐਕਸਟ੍ਰੈਕਸ਼ਨ ਪਲਾਟਾਂ ਰਾਹੀਂ ਕੀਤੀ ਜਾ ਸਕਦੀ ਹੈ। ਪਿੜ ਪੱਧਰ 'ਤੇ ਛੋਟੇ ਤੇਲ ਯੂਨਿਟ ਲਾ ਕੇ ਰੁਜ਼ਗਾਰ ਪੈਦਾ ਕੀਤੇ ਜਾ ਸਕਦੇ ਹਨ ਅਤੇ ਮੁੱਲ ਵਧਾਉਣ ਨੂੰ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਬਚੀ ਹੋਈ ਖਲ ਪਸ਼ੂਆਂ ਲਈ ਉੱਚ ਗੁਣਵੱਤਾ ਵਾਲੀ ਖ਼ੁਰਾਕ ਹੈ। ਮਨੁੱਖੀ ਸਿਹਤ ਪੱਖੋਂ ਵੀ ਸਰ੍ਹੋਂ ਅਤੇ ਗੋਭੀ ਸਰ੍ਹੋਂ ਦਾ ਤੇਲ ਲਾਭਦਾਇਕ ਹੁੰਦਾ ਹੈ। ਇਹ ਮੋਨੋਅਨਸੈਚੂਰੇਟਡ ਅਤੇ ਪੋਲੀਅਨਸੈਚੂਰੇਟਡ ਫੈਟੀ ਐਸਿਡ, ਓਮੇਗਾ-3 ਤੇ ਓਮੇਗਾ-6 ਨਾਲ ਭਰਪੂਰ ਹੁੰਦਾ ਹੈ। ਕੁਦਰਤੀ ਐਂਟੀਆਕਸੀਡੈਂਟ ਤੇ ਸੋਜ-ਰੋਧੀ ਗੁਣ ਇਸ ਨੂੰ ਦਿਲ ਦੀ ਸਿਹਤ ਲਈ ਉਚਿਤ ਬਣਾਉਂਦੇ ਹਨ। ਘੱਟ ਇਰੂਸਿਕ ਐਸਿਡ ਵਾਲੀਆਂ ਸੁਧਰੀਆਂ ਕਿਸਮਾਂ ਕੈਨੋਲਾ ਤੇਲ ਵਾਲੀ ਗੁਣਵੱਤਾ ਰੱਖਦੀਆਂ ਹਨ।


ਤੇਲਬੀਜ ਕਾਸ਼ਤ ਦਾ ਇੱਕ ਮਹੱਤਵਪੂਰਨ ਪੱਖ ਸ਼ਹਿਦ ਦੀਆਂ ਮੱਖੀਆਂ ਪਾਲਣ ਦੇ ਕਿੱਤੇ ਨਾਲ ਜੁੜਿਆ ਹੈ। ਸਰ੍ਹੋਂ ਤੇ ਰਾਇਆ ਦੇ ਪੀਲੇ ਫੁੱਲ ਇਨ੍ਹਾਂ ਮੱਖੀਆਂ ਲਈ ਰਸ ਤੇ ਪਰਾਗ ਦਾ ਵਧੀਆ ਸਰੋਤ ਹਨ। ਸਰਗਰਮ ਪਰਾਗਣ ਨਾਲ 10-20 ਫ਼ੀਸਦੀ ਤੱਕ ਉਪਜ ਵਿੱਚ ਵਾਧਾ ਹੋ ਸਕਦਾ ਹੈ। ਕਿਸਾਨ ਇਸ ਦੇ ਨਾਲ ਸ਼ਹਿਦ, ਮੋਮ ਤੇ ਹੋਰ ਮੱਖੀ ਉਤਪਾਦਾਂ ਰਾਹੀਂ ਵਾਧੂ ਆਮਦਨ ਵੀ ਕਮਾ ਸਕਦੇ ਹਨ। ਇਸ ਸੰਭਾਵਨਾ ਨੂੰ ਧਿਆਨ ਵਿੱਚ ਰੱਖਦਿਆਂ ਰਾਸ਼ਟਰੀ ਮਧੂਮੱਖੀ ਬੋਰਡ ਵਲੋਂ 101 ਲੱਖ ਰੁਪਏ ਦਾ ਵੱਡਾ ਖੋਜ ਪ੍ਰੋਜੈਕਟ ਗੁਰੂ ਕਾਸ਼ੀ ਯੂਨੀਵਰਸਿਟੀ ਲਈ ਮਨਜ਼ੂਰ ਕੀਤਾ ਗਿਆ ਹੈ, ਜਿਸ ਦਾ ਉਦੇਸ਼ ਸ਼ਹਿਦ ਪ੍ਰੋਸੈਸਿੰਗ ਢਾਂਚੇ ਨੂੰ ਮਜ਼ਬੂਤ ਕਰਨਾ ਹੈ। ਇਹ ਯੋਜਨਾ ਤੇਲਬੀਜ ਫ਼ਸਲਾਂ ਦੇ ਵਿਸਥਾਰ ਨਾਲ ਜੁੜੀ ਹੈ ਕਿਉਂਕਿ ਸਰ੍ਹੋਂ ਦੇ ਖੇਤ ਵੱਡੇ ਪੱਧਰ 'ਤੇ ਮਧੂਮੱਖੀ ਪਾਲਣ ਲਈ ਯੋਗ ਹੁੰਦੇ ਹਨ। ਇਸ ਤਰ੍ਹਾਂ ਫ਼ਸਲ ਦੇ ਉਤਪਾਦਨ ਤੋਂ ਲੈ ਕੇ ਪਰਾਗਣ, ਸ਼ਹਿਦ ਨਿਕਾਸੀ ਪ੍ਰਸੰਸਕਰਣ ਤੇ ਬ੍ਰਾਂਡਿੰਗ ਤੱਕ ਪੂਰੀ ਲੜੀ ਤਿਆਰ ਹੁੰਦੀ ਹੈ।

ਗੁਰੂ ਕਾਸ਼ੀ ਯੂਨੀਵਰਸਿਟੀ ਆਪਣੇ ਖੇਤੀਬਾੜੀ ਵਿਗਿਆਨੀਆਂ ਰਾਹੀਂ ਸਿੱਖਿਆ, ਖੋਜ ਅਤੇ ਪ੍ਰਚਾਰ ਸੇਵਾਵਾਂ ਦੇ ਜ਼ਰੀਏ ਕਿਸਾਨਾਂ ਦੀ ਸੇਵਾ ਕਰ ਰਹੀ ਹੈ। ਯੂਨੀਵਰਸਿਟੀ ਨੇ ਆਪਣੇ ਕੈਂਪਸ ਨਾਲ ਲਗਦੇ 20 ਪਿੰਡ ਗੋਦ ਲੈ ਲਏ ਹਨ ਤੇ ਸ਼ਹਿਦ ਦੀਆਂ ਮੱਖੀਆਂ ਪਾਲਣ, ਖੁੰਬ ਕਾਸ਼ਤ, ਬੀਜ ਉਤਪਾਦਨ, ਗੁੜ ਤਿਆਰੀ ਤੇ ਵਰਮੀਕੰਪੋਸਟਿੰਗ ਵਰਗੀਆਂ ਸਹਾਇਕ ਗਤੀਵਿਧੀਆਂ ਨੂੰ ਉਤਸ਼ਾਹਿਤ ਕਰ ਰਹੀ ਹੈ ਅਤੇ ਨੌਜਵਾਨਾਂ ਨੂੰ ਅਜਿਹੇ ਆਮਦਨ ਵਧਾਊ ਕਿੱਤਿਆਂ ਨਾਲ ਜੋੜਨ ਲਈ ਉਪਰਾਲੇ ਕਰ ਰਹੀ ਹੈ। ਯੂਨੀਵਰਸਿਟੀ ਦੇ ਖੇਤਾਂ ਵਿੱਚ ਖੜ੍ਹੀ ਗੋਭੀ ਸਰ੍ਹੋਂ ਦੀ ਭਰਪੂਰ ਫ਼ਸਲ ਇਸ ਗੱਲ ਦੀ ਉਦਾਹਰਨ ਹੈ ਕਿ ਤੇਲਬੀਜ ਫ਼ਸਲਾਂ ਦੇਉਤਪਾਦਨ ਤੇ ਵੰਨ-ਸੁਵੰਨਤਾ ਨਾਲ ਕਿਸਾਨੀ ਆਮਦਨ ਵਧ ਸਕਦੀ ਹੈ ਅਤੇ ਕੁਦਰਤੀ ਸਰੋਤਾਂ ਦੀ ਸੰਭਾਲ ਵੀ ਹੋ ਸਕਦੀ ਹੈ। ਤੇਲਬੀਜ ਸਿਰਫ਼ ਇੱਕ ਬਦਲ ਨਹੀਂ, ਸਗੋਂ ਪੰਜਾਬ ਦੇ ਕਿਸਾਨਾਂ ਲਈ ਆਲੇ-ਦੁਆਲੇ ਦਾ ਸੰਤੁਲਨ, ਪੋਸ਼ਣ ਸੁਰੱਖਿਆ ਅਤੇ ਆਰਥਿਕ ਮਜ਼ਬੂਤੀ ਦਾ ਰਾਹ ਹਨ।

ਪੀ.ਏ.ਯੂ. ਵੱਲੋਂ ਤਿਆਰ ਬੀਜ ਕਿੱਟਾਂ ਖਰੀਦੋ ਖੁਰਾਕੀ ਆਤਮਨਿਰਭਰਤਾ ਵੱਲ ਕਦਮ ਵਧਾਓ

ਸਤਬੀਰ ਸਿੰਘ ਗੋਸਲ, ਗੁਰਪ੍ਰੀਤ ਸਿੰਘ ਅਤੇ ਹਰਦੀਪ ਸਿੰਘ ਸਭਿਖੀ, ਕ੍ਰਿਸ਼ੀ ਵਿਗਿਆਨ ਕੇਂਦਰ, ਪਟਿਆਲਾ (ਮੋ. 98728-73417)

ਬੀਜ ਕਿਸਾਨੀ ਦਾ ਸਭ ਤੋਂ ਮੁੱਢਲਾ ਅਤੇ ਮਹੱਤਵਪੂਰਨ ਸਰਮਾਇਆ ਹੈ। ਵਧੀਆ ਗੁਣਵੱਤਾ ਵਾਲਾ ਬੀਜ ਹੀ ਚੰਗੀ ਫ਼ਸਲ ਅਤੇ ਵੱਧ ਪੈਦਾਵਾਰ ਦੀ ਬੁਨਿਆਦ ਰੱਖਦਾ ਹੈ। ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ (ਪੀ. ਏ. ਯੂ.) ਲੁਧਿਆਣਾ ਵੱਲੋਂ ਕਿਸਾਨਾਂ ਦੀ ਘਰੇਲੂ ਵਰਤੋਂ ਲਈ ਵੱਖ-ਵੱਖ ਫ਼ਸਲਾਂ ਦੇ ਬੀਜਾਂ ਦੀਆਂ ਕਿੱਟਾਂ ਤਿਆਰ ਕੀਤੀਆਂ ਗਈਆਂ ਹਨ। ਇਹ ਕਿੱਟਾਂ ਹਾੜੀ ਅਤੇ ਸਾਉਣੀ ਦੀਆਂ ਰੁੱਤਾਂ ਅਨੁਸਾਰ ਉਪਲੱਬਧ ਹੁੰਦੀਆਂ ਹਨ ਅਤੇ ਇਨ੍ਹਾਂ ਦਾ ਮੁੱਖ ਉਦੇਸ਼ ਕਿਸਾਨਾਂ ਨੂੰ ਦਾਲਾਂ ਅਤੇ ਤੇਲਬੀਜ, ਚਾਰੇ, ਮੋਟੇ ਅਨਾਜਾਂ ਅਤੇ ਸਬਜ਼ੀਆਂ ਦੀਆਂ ਸਿਫ਼ਾਰਸ਼ਾਂ ਕੀਤੀਆਂ ਕਿਸਮਾਂ ਦਾ ਸ਼ੁੱਧ ਅਤੇ ਪ੍ਰਮਾਣਿਤ ਬੀਜ ਘਰੇਲੂ ਲੋੜ ਮੁਤਾਬਿਕ ਮੁਹੱਈਆ ਕਰਵਾਉਣਾ ਹੁੰਦਾ ਹੈ।



ਦਾਲਾਂ ਅਤੇ ਤੇਲਬੀਜ ਫ਼ਸਲਾਂ ਦੇ ਬੀਜਾਂ ਵਾਲੀ ਕਿੱਟ ਕਿਸਾਨਾਂ ਲਈ ਖਾਸ ਤੌਰ ਤੇ ਲਾਭਕਾਰੀ ਹੈ। ਇਸ ਕਿੱਟ ਵਿੱਚ ਗਰਮੀ ਰੁੱਤ ਦੀ ਮੂੰਗੀ (600 ਗ੍ਰਾਮ), ਗਰਮੀ ਰੁੱਤ ਦੇ ਮਾਹ (300 ਗ੍ਰਾਮ), ਸੋਇਆਬੀਨ (350 ਗ੍ਰਾਮ), ਮੂੰਗਫਲੀ (300 ਗ੍ਰਾਮ) ਅਤੇ ਤਿਲ (100 ਗ੍ਰਾਮ) ਦੀਆਂ ਸਿਫ਼ਾਰਸ਼ਾਂ ਕੀਤੀਆਂ ਕਿਸਮਾਂ ਸ਼ਾਮਲ ਹਨ। ਇਹ ਸਾਰੀਆਂ ਫ਼ਸਲਾਂ ਪੌਸ਼ਟਿਕਤਾ ਨਾਲ ਭਰਪੂਰ ਹਨ ਅਤੇ ਘਰੇਲੂ ਖੁਰਾਕ ਦੀ ਲੋੜ ਪੂਰੀ ਕਰਨ ਵਿੱਚ ਸਹਾਇਕ ਹਨ। ਦਾਲਾਂ ਪ੍ਰੋਟੀਨ ਦਾ ਵਧੀਆ ਸਰੋਤ ਹਨ ਅਤੇ ਮਿੱਟੀ ਵਿੱਚ ਨਾਈਟ੍ਰੋਜਨ ਦੀ ਮਾਤਰਾ ਵਧਾ ਕੇ ਮਿੱਟੀ ਦੀ ਉਪਜਾਊ ਸ਼ਕਤੀ ਨੂੰ ਵੀ ਵਧਾਉਂਦੀਆਂ ਹਨ।

ਪਸ਼ੂ ਪਾਲਣ ਕਰਨ ਵਾਲੇ ਕਿਸਾਨਾਂ ਲਈ ਚਾਰੇ ਵਾਲੀਆਂ ਫ਼ਸਲਾਂ ਦੇ ਬੀਜਾਂ ਦੀ ਕਿੱਟ ਬਹੁਤ ਮਹੱਤਵਪੂਰਨ ਹੈ। ਚਾਰੇ ਵਾਲੀਆਂ ਫ਼ਸਲਾਂ ਦੀ ਸਾਉਣੀ ਰੁੱਤ ਦੀ ਕਿੱਟ ਵਿੱਚ ਚਾਰੇ ਵਾਲੀ ਮੱਕੀ (2 ਕਿਲੋਗ੍ਰਾਮ), ਬਾਜਰਾ (450 ਗ੍ਰਾਮ), ਜਵਾਰ (ਚਰੀ) (1 ਕਿਲੋਗ੍ਰਾਮ) ਅਤੇ ਗਿੰਨੀ ਘਾਹ (100 ਗ੍ਰਾਮ) ਦੇ ਬੀਜ ਸ਼ਾਮਲ ਹੁੰਦੇ ਹਨ। ਹਰਾ ਅਤੇ ਪੌਸ਼ਟਿਕ ਚਾਰਾ ਪਸ਼ੂਆਂ ਦੀ ਸਿਹਤ ਅਤੇ ਦੁੱਧ ਉਤਪਾਦਨ ਲਈ ਜ਼ਰੂਰੀ ਹੈ। ਵਧੀਆ ਗੁਣਵੱਤਾ ਵਾਲੇ ਚਾਰੇ ਨਾਲ ਦੁੱਧ ਦੀ ਪੈਦਾਵਾਰ ਵਧਦੀ ਹੈ ਅਤੇ ਪਸ਼ੂਆਂ ਦੀ ਤੰਦਰੁਸਤੀ ਵੀ ਬਰਕਰਾਰ ਰਹਿੰਦੀ ਹੈ।

ਮੋਟੇ ਅਨਾਜਾਂ (ਮਿੱਲਟਸ) ਦੀ ਵਰਤੋਂ ਦੇ ਰੁਝਾਨ ਵਧਣ ਕਾਰਨ ਮੋਟੇ ਅਨਾਜਾਂ ਦੀ ਕਿੱਟ ਵੀ ਸਮੇਂ ਦੀ ਲੋੜ ਹੈ। ਮੋਟੇ ਅਨਾਜਾਂ ਦੀ ਸਾਉਣੀ ਰੁੱਤ ਦੀ ਕਿੱਟ ਵਿੱਚ ਚੀਨਾਂ (100 ਗ੍ਰਾਮ), ਕੰਗਣੀ (100 ਗ੍ਰਾਮ), ਬਾਜਰਾ (50 ਗ੍ਰਾਮ) ਅਤੇ ਜਵਾਰ (200 ਗ੍ਰਾਮ) ਦੇ ਬੀਜ ਸ਼ਾਮਲ ਹੁੰਦੇ ਹਨ। ਇਹ ਫ਼ਸਲਾਂ ਘੱਟ ਪਾਣੀ ਅਤੇ ਕਠਿਨ ਮੌਸਮੀ ਹਾਲਾਤਾਂ ਵਿੱਚ ਵੀ ਵਧੀਆ ਪੈਦਾਵਾਰ ਦੇ ਸਕਦੀਆਂ ਹਨ। ਮੋਟੇ ਅਨਾਜ ਪੌਸ਼ਟਿਕ ਤੱਤਾਂ ਨਾਲ ਭਰਪੂਰ ਅਤੇ ਸਿਹਤ ਲਈ ਲਾਭਕਾਰੀ ਹੁੰਦੇ ਹਨ।

ਸਬਜ਼ੀਆਂ ਦੇ ਬੀਜਾਂ ਦੀ ਕਿੱਟ ਕਿਸਾਨਾਂ ਵਿੱਚ ਘਰੇਲੂ ਬਾਗਬਾਨੀ ਨੂੰ ਉਤਸ਼ਾਹਿਤ ਕਰਦੀ ਹੈ। ਸਬਜ਼ੀਆਂ ਦੀ ਸਾਉਣੀ ਰੁੱਤ ਦੀ ਕਿੱਟ ਵਿੱਚ ਮੌਸਮੀ ਸਬਜ਼ੀਆਂ ਜਿਵੇਂ ਕਿ ਖੀਰਾ, ਘੀਆ ਤੋਰੀ, ਲੋਬੀਆ, ਘੀਆ ਕੱਦੂ, ਕਰੇਲਾ, ਤਰਵੰਗਾ, ਟੀਂਡਾ, ਭਿੰਡੀ, ਹਲਕਾ ਕੱਦੂ, ਚੱਪਣ ਕੱਦੂ, ਤਰ ਅਤੇ ਮਰਗਜ਼ ਕੱਦੂ ਦੇ ਬੀਜ ਸ਼ਾਮਲ ਹੁੰਦੇ ਹਨ। ਘਰ ਦੇ ਆਲੇ-ਦੁਆਲੇ ਜਾਂ ਆਪਣੇ ਖੇਤ ਵਿੱਚ ਸਬਜ਼ੀਆਂ ਦੀ ਕਾਸ਼ਤ ਨਾਲ ਤਾਜ਼ੀਆਂ ਅਤੇ ਘੱਟ ਜਾਂ ਸਿਰਫ਼ ਲੋੜੀਂਦੇ ਰਸਾਇਣਾਂ ਦੀ ਵਰਤੋਂ ਨਾਲ ਤਿਆਰ ਕੀਤੀਆਂ ਸਬਜ਼ੀਆਂ ਦੀ ਲਗਾਤਾਰ ਉਪਲੱਬਧਤਾ ਰਹਿੰਦੀ ਹੈ।

ਇਨ੍ਹਾਂ ਸਾਰੀਆਂ ਕਿੱਟਾਂ ਦੀ ਖ਼ਾਸ ਵਿਸ਼ੇਸ਼ਤਾ ਇਹ ਹੈ ਕਿ ਬੀਜ ਦੇ ਨਾਲ-ਨਾਲ ਫ਼ਸਲਾਂ ਦੀ ਬਿਜਾਈ ਦਾ ਸਮਾਂ, ਬਿਜਾਈ ਦੀ ਵਿਧੀ ਅਤੇ ਸੰਭਾਲ ਸੰਬੰਧੀ ਜਾਣਕਾਰੀ ਵੀ ਇਹਨਾਂ ਕਿੱਟਾਂ ਦੇ ਵਿੱਚ ਪ੍ਰਦਾਨ ਕੀਤੀ ਜਾਂਦੀ ਹੈ। ਸਹੀ ਸਮੇਂ ਤੇ ਅਤੇ ਸਹੀ ਢੰਗ ਨਾਲ ਬਿਜਾਈ ਕਰਨ ਨਾਲ ਬੀਜਾਂ ਦੀ ਪੁੰਗਰਣ ਦੀ ਦਰ ਵਧਦੀ ਹੈ, ਫ਼ਸਲ ਨਰੋਈ ਹੁੰਦੀ ਹੈ ਅਤੇ ਫ਼ਸਲ ਦੀ ਵਾਧੂ ਪੈਦਾਵਾਰ ਸੰਭਵ ਹੁੰਦੀ ਹੈ। ਵਿਗਿਆਨਕ ਤਰੀਕਿਆਂ ਦੀ ਜਾਣਕਾਰੀ ਅਤੇ ਵਰਤੋਂ ਨਾਲ ਕਿਸਾਨ ਘੱਟ ਖਰਚ ਨਾਲ ਵੱਧ ਲਾਭ ਹਾਸਲ ਕਰ ਸਕਦੇ ਹਨ।

ਇਹ ਕਿੱਟਾਂ ਪੰਜਾਬ ਐਗ

RNI/42269/83 (PUNPUN00806) Postage Registered No. PB/PTA/0338/2025-2027

ਕਿਸਾਨ ਮੇਲਿਆਂ ਦੌਰਾਨ ਕਿਸਾਨ ਵੀਰਾਂ ਦੇ ਉਤਸ਼ਾਹ ਨੂੰ ਵੇਖਦਿਆਂ

ਖੇਤੀ ਦੁਨੀਆਂ

ਵੱਲੋਂ

ਪੁਰਾਣੇ ਅਤੇ ਨਵੇਂ ਮੈਂਬਰਾਂ ਲਈ

ਵਿਸ਼ੇਸ਼ ਛੂਟ

ਇੱਕ ਸਾਲ ਲਈ 250/- ਰੁਪਏ

ਦੋ ਸਾਲ ਲਈ 450/- ਰੁਪਏ

ਤਿੰਨ ਸਾਲ ਲਈ 650/- ਰੁਪਏ

ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਵਟਸਐਪ ਰਾਹੀਂ ਪ੍ਰਾਪਤ ਕਰਨ ਲਈ

ਸਾਲਾਨਾ ਚੰਦਾ

ਸਿਰਫ 100/-* ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

* ਇਹ ਸਕੀਮ 30 ਅਪ੍ਰੈਲ, 2026 ਤੱਕ ਹੈ।

ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ :

ਮੋ. 90410-14575

Website : www.khetiduniyan.in
E-mail : khetiduniyan1983@gmail.com

ਹੁਣ ਆਲੂਆਂ ਕਰਕੇ ਕਿਸਾਨਾਂ ਨੂੰ ਚੱਬਣਾ ਪੈ ਰਿਹੈ ਅੱਕ

★ ਆਲੂਆਂ ਦੀ ਫ਼ਸਲ ਦੇ ਖਰਚੇ ਵੀ ਨਹੀਂ ਹੋ ਰਹੇ ਪੂਰੇ
★ ਆਲੂਆਂ ਨੂੰ ਸਟੋਰ ਕਰਨ ਦੀਆਂ ਵੱਡੀਆਂ ਪਰੇਸ਼ਾਨੀਆਂ

ਪੰਜਾਬ ਵਿੱਚ ਇਸ ਵਾਰ ਆਲੂਆਂ ਦੀ ਕਾਸ਼ਤ ਕਰ ਰਹੇ ਕਿਸਾਨਾਂ ਨੂੰ ਆਲੂਆਂ ਦੀ ਫ਼ਸਲ ਤੋਂ ਬਹੁਤੀਆਂ ਉਮੀਦਾਂ ਦਿਖਾਈ ਨਹੀਂ ਦੇ ਰਹੀਆਂ, ਘੱਟ ਝਾੜ ਤੋਂ ਬਾਅਦ ਮੰਦੇ ਭਾਅ ਦੇ ਝੰਬੇ ਕਿਸਾਨਾਂ ਨੂੰ ਆਲੂਆਂ ਦੀ ਫ਼ਸਲ ਸਮੇਟਣ ਦਾ ਫਿਕਰ ਸਤਾ ਰਿਹਾ ਹੈ। ਆਲੂਆਂ ਦੀ ਫ਼ਸਲ 'ਤੇ ਹੋਏ ਖਰਚੇ ਪੂਰੇ ਹੁੰਦੇ ਨਾ ਦੇਖ ਕਿਸਾਨਾਂ ਨੂੰ ਅਗਲੀ ਫ਼ਸਲ ਦੀ ਬਿਜਾਈ ਕਰਨੀ ਮੁਸ਼ਕਲ ਜਾਪ ਰਹੀ ਹੈ। ਕਿਸਾਨਾਂ ਨੇ ਕੇਂਦਰ ਅਤੇ ਸੂਬਾ ਸਰਕਾਰ 'ਤੇ ਨਰਾਜ਼ਗੀ ਜ਼ਾਹਿਰ ਕਰਦਿਆਂ ਕਿਹਾ ਕਿ ਆਲੂਆਂ ਦੀ ਫ਼ਸਲ ਦਾ ਐਮ. ਐਸ. ਪੀ. ਮੁੱਲ ਨਾ ਤੈਅ ਕਰਨਾ ਵੀ ਕਿਸਾਨਾਂ ਨੂੰ ਮੰਦੀ ਹਾਲਤ ਵੱਲ ਜਾਣ ਲਈ ਮਜ਼ਬੂਰ ਕਰ ਰਿਹਾ ਹੈ।

ਕਿਸਾਨ ਵਪਾਰੀ ਦੀ ਲੰਬੀ ਉਡੀਕ ਤੋਂ ਬਾਅਦ ਸਟੋਰ ਕਰਨ ਲਈ ਮਜ਼ਬੂਰ ਆਲੂਆਂ ਦੀ ਫ਼ਸਲ

ਮਾਲਵੇ ਦੇ ਉੱਘੇ ਆਲੂ ਕਾਸ਼ਤਕਾਰ ਕਿਸਾਨ ਗੁਰਜੰਟ ਸਿੰਘ ਬੱਧਨੀ ਕਲਾਂ, ਕਮਲਜੀਤ ਸਿੰਘ ਧਾਲੀਵਾਲ ਅਤੇ ਦਵਿੰਦਰ ਸਿੰਘ ਲੁਹਾਰਾਂ ਨੇ ਕਿਹਾ ਕਿ ਇਸ ਵਾਰ ਵਪਾਰੀ ਨੇ ਵੀ ਆਲੂ ਕਾਸ਼ਤਕਾਰ ਕਿਸਾਨਾਂ ਨੂੰ ਚੰਗਾ ਭਾਅ ਨਾ ਦੇ ਕੇ ਕਿਸਾਨਾਂ ਨਾਲ ਮਜ਼ਾਕ ਕੀਤਾ ਹੈ। ਇਸ ਵਰ੍ਹੇ ਕਿਸਾਨਾਂ ਨੇ ਆਪਣੀ ਫ਼ਸਲ ਦੇ ਚੰਗੇ ਭਾਅ ਅਤੇ ਵਪਾਰੀ ਦੀ ਲੰਬੀ ਉਡੀਕ ਤੋਂ ਬਾਅਦ ਆਲੂਆਂ ਦੀ ਫ਼ਸਲ ਨੂੰ ਮਜਬੂਰਨ ਸਟੋਰ ਕਰਨ ਲਈ ਅੱਕ ਚੱਬਣਾ ਪਿਆ। ਉਕਤ ਕਿਸਾਨਾਂ ਨੇ ਕਿਹਾ ਕਿ ਕਿਸਾਨਾਂ ਵੱਲੋਂ ਪਹਿਲਾਂ ਹੀ ਕੀਤੇ ਫ਼ਸਲ ਦੇ ਖਰਚਿਆਂ ਦੀ ਭਰਪਾਈ ਨਾ ਹੋਣ ਕਾਰਨ ਸਟੋਰ ਦੇ ਖਰਚੇ ਨੂੰ ਚੁਣਿਆ ਕਿ ਸ਼ਾਇਦ ਕਿਸੇ ਟਾਈਮ ਆਲੂਆਂ ਦੀ ਫ਼ਸਲ ਦਾ ਭਾਅ ਵਧੇਗਾ ਅਤੇ ਉਨ੍ਹਾਂ ਦੀਆਂ ਭਵਿੱਖ ਵਿੱਚ ਕੀਤੀਆਂ ਯੋਜਨਾਵਾਂ ਤੇ ਕੀਤੀ ਫ਼ਸਲ 'ਤੇ ਮਿਹਨਤ ਦਾ ਮੁੱਲ ਮਿਲ ਜਾਵੇ।

ਆਲੂਆਂ ਦੀ ਫ਼ਸਲ ਨੂੰ ਖੇਤ ਵਿੱਚ ਰੱਖਣਾ ਨਾਮੁਮਕਿਨ

ਪਿਛਲੇ ਦਸ ਵਰ੍ਹਿਆਂ ਤੋਂ ਵੀ ਵੱਧ ਆਲੂਆਂ ਦੀ ਫ਼ਸਲ ਦੀ ਖੇਤੀ ਕਰ ਰਹੇ ਮਾਲਵਾ ਖੇਤਰ ਦੇ ਪਿੰਡ ਤਲਵੰਡੀ ਕਲਾਂ ਦੇ ਕਿਸਾਨ ਜਗਜੀਤ ਸਿੰਘ ਤੂਰ ਅਤੇ



ਵੱਡੇ ਪਿੰਡ ਦੋਧਰ ਦੇ ਨਾਮੀ ਕਿਸਾਨ ਬੇਅੰਤ ਸਿੰਘ ਸਿੱਧੂ ਨੇ ਕਿਹਾ ਕਿ ਆਲੂਆਂ ਦੀ ਫ਼ਸਲ ਨੂੰ ਕਿਸਾਨ ਜ਼ਿਆਦਾ ਸਮਾਂ ਆਪਣੇ ਖੇਤ ਵਿੱਚ ਨਹੀਂ ਰੱਖ ਸਕਦੇ। ਇਹ ਫ਼ਸਲ ਜ਼ਿਆਦਾ ਗਰਮੀ ਹੋਣ 'ਤੇ ਖਰਾਬ ਹੋਣੀ ਸ਼ੁਰੂ ਹੋ ਜਾਂਦੀ ਹੈ, ਇਸ ਲਈ ਆਲੂਆਂ ਦੀ ਫ਼ਸਲ ਨੂੰ ਖੇਤ ਵਿੱਚ ਜ਼ਿਆਦਾ ਸਮਾਂ ਰੱਖਣਾ ਅਸੰਭਵ ਹੈ। ਇਸ ਲਈ ਮਜ਼ਬੂਰੀਵੱਸ ਸਟੋਰ ਕਰ ਰਹੇ ਹਾਂ। ਕਿਹਾ ਕਿ ਇਸ ਵਾਰ ਆਲੂਆਂ ਦੀ ਫ਼ਸਲ 'ਤੇ ਹੋਏ ਖਰਚੇ ਵੀ ਪੂਰੇ ਨਹੀਂ ਹੋਏ, ਉਤੋਂ ਸਟੋਰ ਦੇ ਖਰਚੇ ਦਾ ਫਿਕਰ ਵੀ ਸਤਾ ਰਿਹਾ ਹੈ।

ਆਲੂਆਂ ਦੀ ਪੁਟਾਈ ਮਗਰੋਂ ਅਗਲੀ ਫ਼ਸਲ ਤੋਂ ਉਮੀਦਾਂ : ਬਲਜੀਤ ਸਿੰਘ

ਆਲੂਆਂ ਦੀ ਫ਼ਸਲ ਨੂੰ ਕੋਲਡ ਸਟੋਰ ਵਿੱਚ ਜਮ੍ਹਾਂ ਕਰਵਾਉਣ ਆਏ ਕਿਸਾਨ ਬਲਜੀਤ ਸਿੰਘ, ਕਰਨੈਲ ਸਿੰਘ ਅਤੇ ਸੁਖਮੰਦਰ ਸਿੰਘ ਬਰਾੜ ਨੇ ਕਿਹਾ ਕਿ ਤਕਰੀਬਨ ਇੱਕ ਮਹੀਨੇ ਤੋਂ ਆਲੂਆਂ ਦੀ ਫ਼ਸਲ ਸਮੇਟਣ ਵਿੱਚ ਰੁੱਝੇ ਹੋਏ ਹਾਂ, ਚੰਗੇ ਭਾਅ ਦੀ ਆਸ ਵਿੱਚ ਬੈਠੇ ਕਿਸਾਨਾਂ ਨੇ ਆਪਣੀ ਫ਼ਸਲ ਨੂੰ ਸਟੋਰ ਵਿੱਚ ਜਮ੍ਹਾਂ ਕਰਵਾਉਣ ਲਈ ਮਜ਼ਬੂਰ ਹਾਂ। ਆਲੂਆਂ ਦੀ ਪੁਟਾਈ ਤੋਂ ਬਾਅਦ ਹੁਣ ਅਗਲੀ ਫ਼ਸਲ ਦੀ ਬਿਜਾਈ ਕਰਾਂਗੇ ਅਤੇ ਉਸ ਦੀ ਪੈਦਾਵਾਰ ਅਤੇ ਚੰਗੇ ਭਾਅ ਦੀ ਆਸ ਤੇ ਉਮੀਦਾਂ ਨਾਲ ਮਿਹਨਤ ਕਰਕੇ ਚੰਗੇਰੇ ਝਾੜ ਦੇ ਨਾਲ-ਨਾਲ ਭਾਅ ਦੀ ਉਮੀਦ ਵਿੱਚ ਫ਼ਸਲ ਲਈ ਮੁੜ ਤੋਂ ਮਿੱਟੀ ਨਾਲ ਮਿੱਟੀ ਹੋਵਾਂਗੇ।

ਸਰਕਾਰਾਂ ਨੂੰ ਕਿਸਾਨਾਂ ਦੀ ਬਾਂਹ ਫੜਨ ਦੀ ਲੋੜ

ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਬੇਅੰਤ ਸਿੰਘ ਨੇ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਕਿਸਾਨਾਂ ਦੀ ਸਾਰ ਲੈਣ ਤਾਂ ਕਿਸਾਨਾਂ ਨੂੰ ਇਸ ਤਰ੍ਹਾਂ ਖੱਜਲ-ਖੁਆਰ ਨਾ ਹੋਣਾ ਪਵੇ। ਉਨ੍ਹਾਂ ਆਲੂ ਕਾਸ਼ਤਕਾਰ ਕਿਸਾਨਾਂ ਦੀ ਗੱਲ ਕਰਦਿਆਂ ਕਿਹਾ ਕਿ ਇਸ ਵਾਰ ਜਿਸ ਤਰ੍ਹਾਂ ਕਿਸਾਨ ਆਪਣੀ ਫ਼ਸਲ ਨੂੰ ਲੈ ਕੇ ਚਿੰਤਤ ਹਨ ਤਾਂ ਸਰਕਾਰ ਨੂੰ ਕਿਸਾਨਾਂ ਦੀ ਬਾਂਹ ਫੜਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸਾਨਾਂ ਨੂੰ ਆਲੂਆਂ ਦੀ ਫ਼ਸਲ 'ਤੇ ਐਮ. ਐਸ. ਪੀ. ਮਿਲ ਜਾਵੇ ਤਾਂ ਕਿਸਾਨ ਆਪਣੇ ਚੰਗੇਰੇ ਭਵਿੱਖ ਦੀ ਆਸ ਵਿੱਚ ਹੋਰ ਵੀ ਮਿਹਨਤ ਕਰਨਗੇ।

ਗੰਨੇ ਦੀ ਮੂਢੀ ਫ਼ਸਲ ਵੱਲ ਧਿਆਨ ਦੇਣ ਉੱਤੇ ਜ਼ੋਰ

ਗੰਨਾ ਕਮਿਸ਼ਨਰ ਵੱਲੋਂ ਪਿੰਡਾਂ ਵਿੱਚ ਗੰਨੇ ਦੇ ਖੇਤਾਂ ਦਾ ਦੌਰਾ

ਸੂਬੇ ਦੇ ਕੇਨ ਕਮਿਸ਼ਨਰ ਡਾ. ਅਮਰੀਕ ਸਿੰਘ ਨੇ ਕਿਹਾ ਕਿ ਗੰਨੇ ਦੀ ਮੂਢੀ ਫ਼ਸਲ ਦੇ ਬਿਹਤਰ ਪ੍ਰਬੰਧਨ ਨਾਲ ਵਧੇਰੇ ਪੈਦਾਵਾਰ ਲਈ ਜਾ ਸਕਦੀ ਹੈ। ਗੰਨੇ ਦੀ ਮੂਢੀ ਫ਼ਸਲ ਵੱਲ ਕਿਸਾਨਾਂ ਵੱਲੋਂ ਧਿਆਨ ਨਾ ਦੇਣ ਕਾਰਨ ਹੀ ਗੰਨਾ ਕਾਸ਼ਤਕਾਰਾਂ ਅਤੇ ਖੰਡ ਮਿੱਲਾਂ ਨੂੰ ਆਰਥਿਕ ਨੁਕਸਾਨ ਹੁੰਦਾ ਹੈ। ਉਹ ਇੱਥੇ ਏ ਬੀ ਸ਼ੂਗਰ ਮਿੱਲ ਰੰਧਾਵਾ ਅਧੀਨ ਆਉਂਦੇ ਪਿੰਡਾਂ ਵਿੱਚ ਸੂਬਾ ਸਰਕਾਰ ਵੱਲੋਂ ਗੰਨੇ ਦੀ ਫ਼ਸਲ ਹੇਠ ਰਕਬਾ ਵਧਾਉਣ ਦੇ ਨਿਰਧਾਰਿਤ ਕੀਤੇ ਗਏ ਟੀਚਿਆਂ ਦੀ ਪ੍ਰਗਤੀ ਦਾ ਜਾਇਜ਼ਾ ਲੈਣ ਪੁੱਜੇ ਸਨ। ਇਲਾਕੇ ਦੇ ਅਗਾਂਹਵਧੂ ਗੰਨਾ ਕਾਸ਼ਤਕਾਰਾਂ ਦੇ ਖੇਤਾਂ ਦੇ ਜਾਇਜ਼ੇ ਦੌਰਾਨ ਡਾ. ਅਮਰੀਕ ਸਿੰਘ ਨੇ ਕਿਹਾ ਕਿ ਗੰਨੇ ਦੀ ਬੀਜੜ ਫ਼ਸਲ ਦੀ ਕਟਾਈ ਤੋਂ ਮੂਢੀ ਫ਼ਸਲ ਦਾ ਪ੍ਰਬੰਧਨ ਕਰਨਾ ਬਹੁਤ ਮਹੱਤਵਪੂਰਨ ਕੰਮ ਹੈ। ਸ਼ੁਰੂਆਤੀ



ਪੜਾਅ ਦੌਰਾਨ ਮੂਢੀ ਫ਼ਸਲ ਦੀ ਸਹੀ ਦੇਖਭਾਲ ਨਾ ਹੋਣ ਕਰਕੇ ਗੰਨੇ ਦੀ ਪੈਦਾਵਾਰ ਅਤੇ ਖੰਡ ਦੀ ਰਿਕਵਰੀ ਘਟਦੀ ਹੈ। ਉਨ੍ਹਾਂ ਦੱਸਿਆ ਕਿ ਗੰਨੇ ਦੀ ਬੀਜੜ ਫ਼ਸਲ ਨੂੰ ਜ਼ਮੀਨ ਤੋਂ 2-3 ਸੈਂਟੀਮੀਟਰ ਹੇਠਾਂ ਕੱਟਣਾ ਚਾਹੀਦਾ ਹੈ ਤਾਂ ਜੋ ਮਿੱਟੀ ਵਿਚਲੀਆਂ ਗੰਨੇ ਦੇ ਮੁੱਢਾਂ ਨਾਲ ਮੌਜੂਦ ਅੱਖਾਂ ਵਧੇਰੇ ਪੁੰਗਰ ਸਕਣ। ਕਟਾਈ ਉਪਰੰਤ ਸਟਬਲ ਸ਼ੇਵਰ ਜਾਂ ਮੂਢੀ ਫ਼ਸਲ ਦਾ ਪ੍ਰਬੰਧਨ ਮਸ਼ੀਨ ਦੀ ਵਰਤੋਂ ਨਾਲ ਮਿੱਟੀ ਵਿੱਚ ਮੌਜੂਦ ਗੰਨੇ ਦੀਆਂ ਅੱਖਾਂ ਦੇ ਇਕਸਾਰ ਪੁੰਗਰਨ ਵਿੱਚ ਮਦਦ ਮਿਲਦੀ ਹੈ। ਗੰਨੇ ਦੀ ਖੋਰੀ ਨੂੰ ਮਲਚ ਦੇ ਰੂਪ ਵਿੱਚ ਕਤਾਰਾਂ ਦੇ ਵਿਚਕਾਰ ਇਕਸਾਰ ਖਿਲਾਰਨ ਨਾਲ ਮਿੱਟੀ ਦੀ ਨਮੀ ਸੁਰੱਖਿਅਤ ਰਹਿੰਦੀ ਹੈ ਅਤੇ ਨਦੀਨਾਂ ਦੀ ਰੋਕਥਾਮ ਤੇ ਮਿੱਟੀ ਦੀ ਸਿਹਤ ਵਿੱਚ ਸੁਧਾਰ ਹੁੰਦਾ ਹੈ। ਮੂਢੀ ਫ਼ਸਲ ਦੇ ਪੁੰਗਰਨ ਤੋਂ 20-25 ਦਿਨਾਂ ਬਾਅਦ ਖੇਤ ਦਾ ਨਿਰੀਖਣ ਕਰਨਾ ਚਾਹੀਦਾ ਹੈ ਅਤੇ ਜਿੱਥੇ ਕਿਤੇ ਮੁੱਢਾਂ ਦੀਆਂ ਅੱਖਾਂ ਨਾ ਪੁੰਗਰੀਆਂ ਹੋਣ, ਉੱਥੇ ਸਿਹਤਮੰਦ ਗੰਨੇ ਦੇ ਸੈਟ ਜਾਂ ਮੂਢੀ ਫ਼ਸਲ ਦੇ ਮੁੱਢਾਂ ਨਾਲ ਖਾਲੀ ਥਾਵਾਂ ਨੂੰ ਭਰ ਦੇਣਾ ਚਾਹੀਦਾ ਹੈ।